# ਸੰਖੇਪ ਜੀਵਨ

ਸ੍ਰੀ ਮਾਨ ੧੦੮ ਪੰਥ ਰਤਨ, ਬ੍ਰਹਮ ਗਿਆਨੀ

# ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ'

ਭਿੰਡਰਾਂ ਵਾਲੇ



ਲੇਖਕ—ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ

ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ

ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਮਾਨ ਸਤਿਕਾਰ ਯੋਗ, ਸੱਚ ਖੰਡ ਵਾਸੀ

# ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'

ਭਿੰਡਰਾਂ ਵਾਲਿਆਂ ਦਾ

# ਸੰਖੇਪ ਜੀਵਨ

ਸੰਸਾਰ ਦਾ ਅਥਾਹ ਸਾਗਰ ਪਦਾਰਥਾਂ ਦੇ ਖਾਰੇ ਜਲ ਨਾਲ ਲਬਾ ਲਬ ਭਰਿਆ ਹੋਇਆ ਹੈ। ਤਿੰਨਾਂ ਗੁਣਾਂ ਦੀਆਂ ਘੁੰਮਣ ਘੇਰੀਆਂ ਵਿੱਚ ਜ਼ਿੰਦਗੀਆਂ ਦੇ ਜਹਾਜ਼ ਗਰਕ ਹੋ ਰਹੇ ਹਨ। ਵਿਸ਼ੇ ਵਿਕਾਰਾਂ ਦੇ ਮਗਰ ਮੱਛ ਸ਼ੁਭ ਗੁਣਾਂ ਨੂੰ ਨਿਗਲ ਰਹੇ ਹਨ। ਅਗਿਆਨ ਦੇ ਪਹਾੜ ਤੇ ਅਵਿਦਿਆ ਦੀਆਂ ਚਟਾਨਾਂ ਨਾਲ ਟਕਰਾ ਕੇ ਮਨੁਖੀ ਜੀਵਨਾਂ ਦੇ ਜਹਾਜ਼ ਚਕਨਾ ਚੂਰ ਹੋ ਰਹੇ ਹਨ–ਕਿਉਂ? ਇਸ ਲਈ ਕਿ ਭਰਮ ਦੇ ਅਨ੍ਹੇਰੇ ਵਿੱਚ ਅਸਲੀਅਤ ਦੇ ਰਾਹ ਤੋਂ ਭਟਕ ਗਏ ਹਨ। ਗੁਰਮੁਖਿ ਮਹਾਂ ਪੁਰਖਾਂ ਦਾ ਜੀਵਨ ਉਹ ਚਾਨਣ ਮੁਨਾਰਾ ਹੈ ਜੋ ਜ਼ਿੰਦਗੀ ਦੇ ਜਹਾਜਾਂ ਨੂੰ ਠੀਕ ਰਾਹ ਵਿਖਾਣ ਲਈ ਚਾਨਣ ਕਰਦਾ ਹੈ। ਅਜਿਹੇ ਮਹਾਂ ਪੁਰਖ ਸ੍ਰੀ ਮਾਨ ਸੱਚਖੰਡ ਵਾਸੀ, ਪੂਰਨ ਬ੍ਰਹਮ ਗਿਆਨੀ, ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ ਪਵਿਤ੍ਰ ਜੀਵਨ ਹੈ ਜਿਸ ਬਾਰੇ ਏਥੇ ਅਸੀਂ ਸੰਖੇਪ ਵਰਨਣ ਪਾਠਕਾਂ ਦੇ ਪੇਸ਼ ਕਰਾਂਗੇ।

ਆਪ ਜੀ ਦਾ ਪਵਿਤ੍ਰ ਜਨਮ ਮਾਘ ਦੀ ਪੁੰਨਿਆ, ਫੱਗਣ ਦੀ ਸੰਗ੍ਰਾਂਦ ਸੰਮਤ ੧੯੫੯ ਬਿ: ਮੁਤਾਬਕ ੧੨ ਫਰਵਰੀ ੧੯੦੨ ਈ:

Digitized by Panjab Digital Library | www.panjabdigilib.org

ਦਿਨ ਬੁੱਧਵਾਰ ਨੂੰ ਅੰਮ੍ਰਿਤ ਵੇਲੇ ਢਾਈ ਵਜੇ ਪਿੰਡ ਅਖਾੜਾ ਤਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਦੇ ਸਨਮਾਨ ਯੋਗ ਪਿਤਾ ਬਾਬਾ ਰੂੜ ਸਿੰਘ ਜੀ ਨਾਮ ਬਾਣੀ ਦੇ ਰਸੀਏ, ਸਿੱਖੀ ਰਹਿਤ ਬਹਿਤ ਵਿਚ ਪ੍ਰਪੱਕ ਪੂਰਨ ਗੁਰਸਿੱਖ ਸਨ ਅਤੇ ਪੂਜਨੀਕ ਮਾਤਾ ਅਨੰਦ ਕੌਰ ਜੀ ਗੁਰਬਾਣੀ ਦੇ ਮਹਾਨ ਨਿੱਤ ਨੇਮੀ, ਪ੍ਰੇਮੀ ਤੇ ਸਿੱਖੀ ਸ਼ਰਧਾ ਦੀ ਮੂਰਤਿ ਸਨ। ਪਿਤਾ ਜੀ ਬਰਮਾ ਅੰਦਰ ਸਿਖ ਫੌਜ ਵਿਚ ਭਰਤੀ ਹੋ ਕੇ 'ਗ੍ਰੰਥੀ' ਦੀ ਪਵਿਤ੍ਰ ਡਿਊਟੀ ਨਿਭਾਉਂਦੇ ਰਹੇ।

ਆਪ ਜੀ ਦੇ ਮਾਨ ਯੋਗ ਤਾਇਆ ਬਾਬਾ ਕਾਹਨ ਸਿੰਘ ਜੀ ਗੁਰਮਤਿ ਵਿਦਿਆ ਦੇ ਮਹਾਨ ਗਿਆਨੀ ਤੇ ਗੁਰਮਤਿ ਸੰਗੀਤ ਦੇ ਮਹਾਨ ਗੰਧਰਬ ਸਨ। ਆਪ ਦੀ ਅਰੰਭਕ ਜ਼ਿੰਦਗੀ ਤੇ ਵਧੇਰੇ ਪ੍ਰਭਾਵ ਮਾਤਾ ਪਿਤਾ ਅਤੇ ਤਾਇਆ ਜੀ ਦੀ ਗੁਰਮਤਿ ਰੰਗੀ ਜ਼ਿੰਦਗੀ ਦਾ ਹੀ ਪਿਆ ਸੀ ਜਿਸ ਦੇ ਪ੍ਰਤੱਖ ਅਸਰਾਂ ਨੂੰ ਆਪ ਦੀ ਜ਼ਿੰਦਗੀ ਵਿਚੋਂ ਸੰਗਤਾਂ ਨੇ ਭਲੀ ਭਾਂਤ ਤੱਕਿਆ। ਆਪ ਦੇ ਵਡੇ ਭ੍ਰਾਤਾ ਭਾਈ ਹਜ਼ਾਰਾ ਸਿੰਘ ਜੀ ਦੇਰ ਚਿਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਹੈਡ ਗ੍ਰੰਥੀ ਦੀ ਸੇਵਾ ਕਰਦੇ ਰਹੇ। ਐਉਂ ਆਪ ਦਾ ਸਾਰਾ ਖਾਨਦਾਨ ਹੀ ਸਿਖੀ ਰੰਗਣ ਵਿਚ ਰੰਗਿਆ ਹੋਇਆ ਸੀ।

੧੩ ਮਹੀਨਿਆਂ ਦੀ ਉਮਰ ਵਿਚ ਹੀ ਪੂਜਨੀਕ ਮਾਤਾ ਜੀ ਦਾ ਠੰਡਾ ਸਾਇਆ ਆਪ ਦੇ ਸਿਰ ਤੋਂ ਉਠ ਗਿਆ। ਸਤਿਕਾਰ ਯੋਗ ਦਾਦੀ ਮਾਤਾ ਰਾਜ ਕੌਰ ਜੀ, ਆਪ ਜੀ ਦੀ ਪਾਲਨਾ ਪੋਸਨਾ ਕਰਦੇ ਰਹੇ। ਦਾਦੀ ਜੀ ਦੇ ਗੁਰਪੁਰੀ ਪਇਆਨੇ ਤੋਂ ਬਾਦ ਆਪ ਜੀ ਨੂੰ ਆਦਰ ਯੋਗ ਭੂਆ ਸਾਹਿਬ ਕੌਰ ਜੀ ਆਪਣੇ ਪਿੰਡ ਕਿਸ਼ਨ ਪੁਰੇ ਲੈ ਗਈ।

ਗੁਰਮਤਿ ਦੀ ਮੁੱਢਲੀ ਵਿਦਿਆ ਤਾਇਆ ਜੀ ਪਾਸੋਂ ਪੜ੍ਹੀ। ਭੂਆ ਜੀ ਪਾਸ ਜਾ ਕੇ ਸਕੂਲ ਵਿਚ ਦਾਖਲ ਹੋ ਗਏ ਉਥੇ ਪੰਜ ਜਮਾਤਾਂ ਉਰਦੂ ਪੜ੍ਹਦੇ ਰਹੇ। ਉਥੇ ਹੀ ਇਕ ਡੇਰੇ ਦੇ ਮਹੰਤ ਉਦਾਸੀ ਸਾਧੂ ਲਾਲ ਦਾਸ ਤੋਂ ਹਿੰਦੂ ਮਤਿ ਦੇ ਗ੍ਰੰਥ ਮਹਾਂ ਭਾਰਤ, ਰਮਾਇਣ, ਯੋਗ



Digitized by Panjab Digital Library | www.panjabdigilib.org

ਵਿਸ਼ਿਸਟ ਆਦਿ ਤੇ ਵੈਦਕ ਦੇ ਪੁਸਤਕ ਪੜ੍ਹਦੇ ਰਹੇ । ੧੫ ਸਾਲ ਦੀ ਉਮਰ ਵਿੱਚ ਕਿਸ਼ਨ ਪੁਰੇ ਤੋਂ ਆਪਣੇ ਜਨਮ ਨਗਰ ਅਖਾੜੇ ਆ ਗਏ। ਤਿੰਨ ਸਾਲ ਪਿਤਾ ਜੀ ਨਾਲ ਖੇਤੀ ਬਾੜੀ ਦਾ ਕੰਮ ਕਰਵਾਂਦੇ ਰਹੇ। ੧੮ ਸਾਲ ਦੀ ਉਮਰ 'ਚ ਆਪ ਜੀ ਦੀ ਸ਼ਾਦੀ ਪਿੰਡ ਰਾਜੋਆਣੇ ਜ਼ਿਲਾ ਲੁਧਿਆਣੇ ਵਿਖੇ ਸ: ਬਸੰਤ ਸਿੰਘ ਜੀ ਦੀ ਸਪੁਤਰੀ ਮਾਤਾ ਕਿਸ਼ਨ ਕੌਰ ਜੀ ਨਾਲ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਹੋ ਗਈ। ਤਿੰਨ ਸਾਲ ਬਾਦ ਮੁਕਲਾਵੇ ਦੀ ਰਸਮ ਹੋਈ।

੧੯੨੩ ਈ: ਨੂੰ ਮਹੀਨਾ ਪੋਹ ਵਿਚ ਆਪ ਦੇ ਘਰ ਸ਼ਾਂਤ ਸਰੂਪ ਵਡੇ ਸਪੁਤਰ ਭਾਈ ਕਰਤਾਰ ਸਿੰਘ ਦਾ ਜਨਮ ਹੋਇਆ ਤੇ ੧੯੩੨ ਈ: ਨੂੰ ਵਿਸਾਖ ਦੇ ਮਹੀਨੇ ਛੋਟੇ ਸਪੁਤਰ ਭਾਈ ਭਗਵਾਨ ਸਿੰਘ ਨੇ ਜਨਮ ਲਿਆ।

੧੯੨੦ ਈ: ਵਿੱਚ ਸਿੰਘ ਸਭਾ ਲਹਿਰ ਸਮੇਂ ਪਿੰਡ ਅਖਾੜੇ ਅੰਦਰ ਇਕ ਬਹੁਤ ਵੱਡਾ ਧਾਰਮਕ ਦੀਵਾਨ ਹੋਇਆ ਜਿਸ ਵਿਚ ਹੋਰ ਵਿਦਵਾਨਾਂ ਤੋਂ ਇਲਾਵਾ ਪੂਰਨ ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਵੀ ਜੱਥੇ ਸਮੇਤ ਪੁਜੇ ਹੋਏ ਸਨ। ਸੰਤ ਜੀ ਮਹਾਰਾਜ ਦੇ ਮੁਖੋਂ ਰਸੀਲੀ ਕਥਾ ਤੇ ਅਨੂਪਮ ਦਰਸ਼ਨ ਕਰਕੇ ਆਪ ਦਾ ਨਿਰਮਲ ਚਿੱਤ ਖਿੱਚਿਆ ਗਿਆ। ਇਸੇ ਦੀਵਾਨ ਦੀ ਸਮਾਪਤੀ ਤੇ ਏਥੇ ਹੀ ਸੰਤਾਂ ਦੇ ਜੱਥੇ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਲਿਆ। ਕੁਝ ਸਮਾਂ ਪਿੰਡ ਰਹੇ ਫਿਰ ੧੯੨੧ ਈ: ਨੂੰ ਸਾਵਣ ਦੀ ਸੰਗ੍ਰਾਂਦ ਵਾਲੇ ਦਿਨ ਸੰਤਾਂ ਕੋਲ ਭਿੰਡਰੀਂ ਪਹੁੰਚ ਗਏ ਤੇ ਪੱਕੇ ਤੌਰ ਤੇ ਜਥੇ ਵਿਚ ਰਹਿਣ ਲਗ ਪਏ।

੧੯੨੧ ਈ: ਤੋਂ ੧੯੩੦ ਈ: ਤਕ ਲਗਾਤਾਰ ਸੰਤਾਂ ਦੀ ਸੰਗਤ ਵਿੱਚ ਰਹੇ। ਇਸ ਸਮੇਂ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਰਥਾਂ ਸਮੇਤ ਚਾਰ ਮੁਕੰਮਲ ਕਥਾ ਸੁਣੀਆਂ, ਸ੍ਰੀ ਦਸਮ ਗੁਰੂ ਗ੍ਰੰਥ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਸੰਪੂਰਣ ਬਾਣੀਆ ਅਰਥਾਂ ਸਮੇਤ ਪੜ੍ਹੀ ਤੇ ਵੀਚਾਰੀ। ਸ੍ਰੀ ਗੁਰੂ ਨਾਨਕਪ੍ਰਕਾਸ਼,



Digitized by Panjab Digital Library | www.panjabdigilib.org

ਸ੍ਰੀ ਗੁਰ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰ ਬਿਲਾਸ ਪਾ: ੬ ਵੀਂ ਤੇ ੧੦ ਵੀਂ ਕਈ ਵਾਰ ਅਰਥਾਂ ਨਾਲ ਸੁਣੇ ਤੇ ਵਿਚਾਰੇ। ਅਨਜ ਮੱਤਾਂ ਦੀ ਵਾਕਫ਼ੀ ਲਈ ਭਾਸ਼ਾ ਦੇ ਪੁਸਤਕ ਜਿਹਾ ਕਿ ਵਿਚਾਰ ਸਾਗਰ, ਪੰਚਦਸੀ, ਮੋਖ ਪੰਥ ਆਦਿ ਦਾ ਵੀ ਸੰਤਾਂ ਪਾਸੋਂ ਬੜੀ ਨੀਝ ਨਾਲ ਅਧਿਐਨ ਕੀਤਾ। ਸੰਤਾਂ ਦੇ ਨਾਲ ਵਿਚਰਨ ਸਮੇਂ ਸਾਰੇ ਇਤਹਾਸਕ ਗੁਰਦੁਆਰਿਆਂ ਦੀ ਯਾਤ੍ਰਾ ਕਰਦੇ ਰਹੇ।

ਗੁਰਮਤਿ ਵਿਦਿਆ ਤੇ ਅਨਜ ਮਤਿ ਵਿਦਿਆ ਦੇ ਅਧਿਐਨ ਦੇ ਨਾਲ ਨਾਲ ਨਾਮ ਸਿਮਰਨ, ਜਾਪ, ਗੁਰਬਾਣੀ ਦਾ ਨਿੱਤ ਨੇਮ, ਨਿੰਮ੍ਰਤਾ, ਪਿਆਰ, ਤਿਆਗ ਆਦਿ ਦੈਵੀ ਗੁਣਾਂ ਨਾਲ ਵੀ ਆਪਣੀ ਨਿਰਮਲ ਆਤਮਾ ਨੂੰ ਲਬਾ ਲਬ ਭਰ ਲਿਆ। ਆਪ ਦੀ ਡਿਊਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਬਿਰਾਜਮਾਨ ਆਦਿ ਦੀ ਸੇਵਾ ਸੰਭਾਲ ਤੇ ਲੱਗੀ ਹੋਈ ਸੀ। ਆਪ ਜੀ ਦਾ ਅੰਮ੍ਰਿਤ ਵੇਲੇ ਜਾਗਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਤੇ ਸੇਵਾ ਸੰਭਾਲ, ਸਾਦਾ ਤੇ ਨਿੰਮ੍ਰਤਾ ਭਰਪੂਰ ਸੁਭਾਉ, ਨਾਮ ਸਿਮਰਨ ਦੀ ਮਸਤੀ ਤੇ ਅਮਲੀ ਜੀਵਨ ਅਤੇ ਗੁਰਮਤਿ ਵਿਦਿਆ ਦੇ ਪੜ੍ਹਨ ਪੜ੍ਹਾਉਣ ਦੇ ਸ਼ੌਂਕ ਤੇ ਤੀਖਣ ਬੁਧੀ ਤੋਂ ਪ੍ਰਭਾਵਤ ਹੋ ਕੇ ਅਤੇ ਹਰ ਤਰ੍ਹਾਂ ਯੋਗ ਸਮਝਕੇ ਮਹਾਂ ਪੁਰਖਾਂ ਨੇ ਆਪਣੇ ਥਾਂ ਗੁਰਮਤਿ ਵਿਦਿਆ ਪੜ੍ਹਾਉਣ, ਜਥਾ ਫੇਰਨ ਅਤੇ ਅੰਮ੍ਰਿਤ ਛਕਾਉਣ ਦੀ ਜ਼ਿੰਦਗੀ ਭਰ ਦੀ ਪੱਕੀ ਡਿਊਟੀ ਲਗਾ ਦਿੱਤੀ।

**ਸੰਤਾਂ ਤੋਂ ਬਾਦ—**੧੫ ਰਰਵਰੀ ੧੯੩੦ ਈ: ਨੂੰ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਗੁਰਪੁਰੀ ਪਹੁੰਚ ਗਏ, ਉਨ੍ਹਾਂ ਦੇ ਬਾਦ ਪਹਿਲਾਂ ਸੰਤਾਂ ਦੀ ਵਿਚ ਰਹਿ ਗਈ ਗੁਰੂ ਗ੍ਰੰਥ ਸਾਹਿਬ ਦੀ ਕਥਾ ਪੂਰੀ ਕੀਤੀ। ਫਿਰ ਆਪਣੀ ਕਥਾ ਜੋ ਪੰਜੋਖਰੇ ਸ਼ੁਰੂ ਕੀਤੀ ਸੀ ਉਸ ਦਾ ਭੋਗ ਪਾਇਆ, ਤੀਜੀ ਕਥਾ ਖਾਸ ਬੋਪਾ ਰਾਇ ਸ਼ੁਰੂ ਕਰਕੇ ਸਾਰੀ ਕਥਾ ਏਥੇ ਹੀ ਕੀਤੀ। ਫਿਰ ਸਿੰਘਾਂ ਨੂੰ ਨਾਲ ਲੈ ਕੇ ਮਹਿਤੇ ਲਾਗੇ ਸਿੰਘ



Digitized by Panjab Digital Library | www.panjabdigilib.org

ਬੋਲੇ ਗੁਰਦੁਆਰੇ ਚੌਥੀ ਕਥਾ ਸੰਪੂਰਨ ਕੀਤੀ। ਬਾਕੀ ਸਾਰੀਆਂ ਕਥਾ ਵਿਚਾਰਕੇ ਕੀਤੀਆਂ ਕੁਲ ੨੧ ਕਥਾ ਮੁਕੰਮਲ ਕੀਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ ਬਾਣੀ ਦੇ ਅਰਥ ਪੜ੍ਹਾਉਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਦਸਮ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀ ਬਾਣੀ ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰ ਪਰਤਾਪ ਸੂਰਜ ਤੇ ਪੰਥ ਪ੍ਰਕਾਸ਼ ਅਤੇ ਗੁਰ ਬਿਲਾਸ ਪਾ: ੬ਵੀਂ ਤੇ ੧੦ਵੀਂ ਆਦਿ ਵੀ ਅਰਥਾਂ ਸਮੇਤ ਪੜ੍ਹਾਂਦੇ ਤੇ ਸੰਗਤਾਂ ਨੂੰ ਇਤਹਾਸ ਦੀ ਕਥਾ ਸੁਣਾ ਕੇ ਨਿਹਾਲ ਕਰਦੇ। ਪਹਿਲੋਂ ਪਹਿਲ ਜਥੇ 'ਚ ਥੋੜੇ ਸਿੰਘ ਸਨ ਪਰ ਫਿਰ ਵਧਦੇ ਵਧਦੇ ਡੇਢ ਸੌ (੧੫੦) ਸਿੰਘ ਹੋ ਗਏ ਸਨ। ਏਡੇ ਵਡੇ ਜਥੇ ਨੂੰ ਨਾਲ ਲੈ ਕੇ ਭਾਰਤ ਭਰ ਦੇ ਕੋਨੇ ਕੋਨੇ 'ਚ ਪਹੁੰਚ ਕੇ ਗੁਰਮਤਿ ਪ੍ਰਚਾਰ ਦਾ ਹੜ੍ਹ ਲੈ ਆਂਦਾ। ਲਗਾਤਾਰ ੩੯ ਸਾਲ ੪ ਮਹੀਨੇ ੧੨ ਦਿਨ ਇਹ ਪ੍ਰਵਾਹ ਚਲਦਾ ਰਿਹਾ। ਆਪ ਹਮੇਸ਼ਾਂ ਗੁਰਬਾਣੀ ਜਲ ਦੇ ਮੱਛ ਬਣੇ ਰਹੇ। "ਮੈਂ ਗੁਰਬਾਣੀ ਆਧਾਰ ਹੈ ਗੁਰਬਾਣੀ ਲਾਗ ਰਹਾਉ" ਦੇ ਪਵਿਤ੍ਰ ਮਹਾ ਵਾਕ ਦੇ ਭਾਵ ਨੂੰ ਆਪਦੀ ਜ਼ਿੰਦਗੀ ਚੋਂ ਪ੍ਰਤੱਖ ਤਕਿਆ ਜਾ ਸਕਦਾ ਸੀ। ਪੰਜਾਂ ਕਕਾਰਾਂ ਦੀ ਰਹਿਤ ਨਾਲ ਅਤਿਅੰਤ ਪਿਆਰ ਸੀ ਕਕਾਰਾਂ ਨੂੰ ਗੁਰੂ ਕਲਗੀਧਰ ਦੀਆਂ ਬਖਸ਼ਸ਼ਾਂ ਸਮਝਦੇ ਸਨ। ਕਕਾਰਾਂ ਨੂੰ ਹਮੇਸ਼ਾਂ ਅੰਗ ਸੰਗ ਰਖਣ ਦੀ ਭਾਰੀ ਹਦਾਇਤ ਕੀਤਾ ਕਰਦੇ। ਸਿੰਘਾਂ ਨੂੰ ਦਸਮ ਪਾਤਸ਼ਾਹ ਜੀ ਦੇ ਕਹੇ ਮਹਾਂ ਵਾਕਾਂ ਅਨੁਸਾਰ ਜ਼ਿੰਦਗੀ ਨੂੰ ਢਾਲ ਕੇ ਨਰੋਲ ਖਾਲਸਾ ਬਣਨ ਦੀ ਪਰੇਰਨਾ ਕਰਦੇ ਰਹਿੰਦੇ ਇਸੇ ਲਈ ਉਹ ਆਪਣੇ ਨਾਮ ਨਾਲ 'ਖਾਲਸਾ' ਉਪਨਾਮ ਵਰਤਦੇ। ਉਹਨਾਂ ਦੇ ਹਿਰਦੇ ਅੰਦਰ ਇਕੋ ਇਕ ਤੀਬਰ ਲਗਨ ਸੀ ਜਿਸ ਲਈ ਉਹ ਜ਼ਿੰਦਗੀ ਭਰ ਜਦੋ ਜਹਿਦ ਕਰਦੇ ਰਹੇ। ਹਰ ਪ੍ਰਾਣੀ ਮਾਤ੍ਰ ਨੂੰ ਉਹ ਸ਼ਬਦ ਦੇ ਸਹੀ ਅਰਥਾਂ ਵਿਚ ਖਾਲਸਾ ਵੇਖਣਾ ਚਾਹੁੰਦੇ ਸਨ। ਇਸ ਮਕਸਦ ਲਈ ਉਨ੍ਹਾਂ ਦੇ ਹੇਠ ਲਿਖੇ ਮੁਖ ਉਦੇਸ਼ ਸਨ।



Digitized by Panjab Digital Library | www.panjabdigilib.org

## ਮੁਖ ਉਦੇਸ਼—

(ੳ) ਵਿਦਿਆਰਥੀਆਂ ਤੇ ਸਿਖ ਸੰਗਤਾਂ ਨੂੰ ਗੁਰਬਾਣੀ ਦਾ ਸ਼ੁਧ ਪਾਠ ਕਰਾਉਣਾ।

(ਅ) ਗੁਰਬਾਣੀ ਦੇ ਪੱਕੇ ਨਿੱਤ ਨੇਮੀ ਬਣਾਉਣ ਲਈ ਵਧ ਤੋਂ ਗੁਰਬਾਣੀ ਕੰਠ ਕਰਵਾਉਣੀ।

(ੲ) ਅੰਮ੍ਰਿਤ ਛਕਾਉਣਾ ਤੇ ਰਹਿਤ 'ਚ ਪ੍ਰਪੱਕ ਰਖਣਾ, ਢਿੱਲੇ ਨਾ ਹੋਣ ਦੇਣਾ।

(ਸ) ਸਿੰਘ ਨੂੰ ਗੁਰੂ ਦਾ ਰੂਪ ਸਮਝ ਕੇ ਸੇਵਾ ਤੇ ਸਤਿਕਾਰ ਕਰਨਾ।

(ਹ) ਅਪਣਾ ਤਨ ਮਨ ਧਨ ਗੁਰੂ ਕਾ ਜਾਨਣਾ।

(ਕ) ਪੰਥ ਦੇ ਲੀਡਰ ਬਣਨ ਤੋਂ ਸੰਕੋਚ ਕਰਨਾ ਪਰ ਹਰ ਔਕੜ ਸਮੇਂ ਪੰਥ ਦੇ ਨਾਲ ਰਹਿਣਾ ਤੇ ਹਰ ਮੌਕੇ ਤੇ ਹਰ ਢੰਗ ਨਾਲ ਪੰਥਕ ਜਥੇਬੰਦੀ ਦੀ ਮਦਦ ਕਰਨੀ।

## ਵਿਸ਼ੇਸ਼ ਗੁਣ—

(੧) **ਮਹਾਨ ਪ੍ਰਉਪਕਾਰ**—ਕਿਸੇ ਵਿਦਿਅਕ ਆਸ਼੍ਰਮ ਨੂੰ ਚਲਾਉਣ ਲਈ ਹਜ਼ਾਰਾਂ ਤੇ ਲੱਖਾਂ ਰੁਪਏ ਮਾਸਕ ਚਾਹੀਦੇ ਹਨ। ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਚਲਾਏ ਜਾ ਰਹੇ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੇ ਸਾਲ ਦਾ ਘਟੋ ਘਟ ਖਰਚ ਪੰਜਾਹ ਹਜ਼ਾਰ (੫੦੦੦੦) ਰੁਪਏ ਹੈ। ਸੰਤਾਂ ਵਲੋਂ ਚਲਾਏ ਜਾ ਰਹੇ ਇਸ ਗੁਰਮਤਿ ਵਿਦਿਆ ਦੇ ਚਲਦੇ ਫ਼ਿਰਦੇ ਕਾਲਜ ਦੇ ਸਾਰੇ ਖਰਚਾਂ ਦੇ ਪ੍ਰਬੰਧ, ਪੜ੍ਹਾਉਣ ਦੀ ਸਾਰੀ ਦੀ ਸਾਰੀ ਜ਼ਿਮੇਵਾਰੀ ਕੇਵਲ ਆਪ ਦੇ ਇਕੱਲਿਆਂ ਦੇ ਸਿਰ ਸੀ। ਜਿਸ ਨੂੰ ਆਪ ਨੇ ਜ਼ਿੰਦਗੀ ਦੇ ਅੰਤਮ ਸੁਆਸਾਂ ਤੱਕ ਬਖ਼ੂਬੀ ਨਿਭਾਇਆ। ਜੱਥਾ ਫੇਰਨ ਦੇ ਦੌਰਾਨ ਪੰਜਾਂ ਪਿਆਰਿਆਂ 'ਚ ਆਪ ਸ਼ਾਮਲ ਹੋ ਕੇ ਲੱਖਾਂ ਪ੍ਰਾਣੀਆਂ ਨੂੰ ਕਲਗੀਧਰ ਜੀ ਦੇ ਖੰਡੇ ਦਾ ਅੰਮ੍ਰਿਤ ਪਾਨ ਕਰਵਾਇਆ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਆਪ



Digitized by Panjab Digital Library | www.panjabdigilib.org

ਸੋਂ ਗੁਰਮਤਿ ਵਿਦਿਆ ਪ੍ਰਾਪਤ ਕੀਤੀ। ਜਿਨ੍ਹਾਂ ਵਿਚੋਂ ਹਜ਼ਾਰਾਂ ਅਖੰਡ ਪਾਠੀ, ਗ੍ਰੰਥੀ ਅਤੇ ਸੈਂਕੜੇ ਕਥਾਕਾਰ ਤੇ ਲੈਕਚਰਾਰ ਬਣਕੇ ਗੁਰੂ ਪੰਥ ਦੀ ਨਿੱਗਰ ਸੇਵਾ ਵਿੱਚ ਜੁੱਟੇ ਹੋਏ ਹਨ। ਡੇਢ ਦਰਜਨ ਦੇ ਕਰੀਬ ਅਜਿਹੇ ਵਿਦਵਾਨ ਪੈਦਾ ਕੀਤੇ ਜਿਨ੍ਹਾਂ ਨੇ ਆਪਣੀ ਵਿਦਵਤਾ ਤੇ ਸਿੱਖੀ ਦੇ ਅਮਲੀ ਜੀਵਨ ਰਾਂਹੀ ਪੰਥ ਵਿੱਚ ਆਪਣਾ ਤੇ ਮਹਾਂ ਪੁਰਖਾਂ ਦਾ ਨਾਮ ਰੌਸ਼ਨ ਕੀਤਾ ਹੈ। ਦਾਸ ਨੂੰ ਵੀ ਆਪ ਜੀ ਦੀ ਸੰਗਤ ਕਰਨ ਅਤੇ ਵਿਦਿਆਰਥੀ ਹੋਣ ਦਾ ਮਾਣ ਪ੍ਰਾਪਤ ਹੈ।

## (੨) ਗੁਰਮਤਿ ਵਿਦਿਆ ਦੀ ਪੜ੍ਹਾਈ–

ਗੁਰਮਤਿ ਸਾਹਿਤ ਦੇ ਸਾਰੇ ਗ੍ਰੰਥਾਂ ਦੀ ਉਨ੍ਹਾਂ ਵਰਗੀ ਪੜ੍ਹਾਈ ਮੇਰੇ ਖਿਆਲ ਵਿਚ ਉਨ੍ਹਾਂ ਦੇ ਸਮੇਂ ਵਿਚ ਕੋਈ ਹੋਰ ਦੂਸਰਾ ਨਹੀਂ ਕਰਵਾ ਸਕਦਾ ਸੀ। ਗੁਰਬਾਣੀ ਜਾਂ ਗੁਰ ਇਤਹਾਸ ਦੀਆਂ ਮੁਸ਼ਕਲ ਤੁਕਾਂ ਜਾਂ ਸ਼ਬਦ, ਜਿਨ੍ਹਾਂ ਦੇ ਅਰਥ ਟੀਕਿਆਂ ਪ੍ਰਯਾਵਾਂ, ਸ਼ਬਦਾਰਥਾਂ, ਕੋਸ਼ਾਂ ਤੇ ਵਿਦਵਾਨ ਕਥਾਕਾਰਾਂ ਪਾਸੋਂ ਵੀ ਸਪੱਸ਼ਟ ਨਹੀਂ ਹੁੰਦੇ ਸਨ, ਉਨ੍ਹਾਂ ਅਰਥਾਂ ਨੂੰ ਆਪ ਅਜਿਹੇ ਸਰਲ, ਸਾਦੇ ਤੇ ਮਿੱਠੇ ਲਫ਼ਜ਼ਾਂ ਵਿਚ ਬਿਆਨ ਕਰਦੇ ਕਿ ਸੁਨਣ ਵਾਲਿਆਂ ਦੀ ਪੂਰਨ ਤਸੱਲੀ ਹੋ ਜਾਂਦੀ। ਕੋਈ ਵੀ ਗੁਰਬਾਣੀ ਦਾ ਟੀਕਾ, ਪ੍ਰਯਾਯ ਜਾਂ ਕੋਸ਼ ਅਜਿਹਾ ਨਹੀਂ ਸੀ ਜੋ ਉਨ੍ਹਾਂ ਵੇਖਿਆ ਨ ਹੋਵੇ। ਵਿਦਿਆਰਥੀਆਂ ਦੇ ਸ਼ੰਕਾ ਕਰਨ ਤੇ ਕਈ ਵਾਰ ਵੱਖ ਵੱਖ ਵਿਦਵਾਨਾਂ ਦੇ ਕੀਤੇ ਅਰਥਾਂ ਨੂੰ ਸਪੱਸ਼ਟ ਕਰਦਿਆਂ ਕਰਦੇ ਸਨ। ਸਾਰੇ ਅਰਥ ਹਮੇਸ਼ਾ ਕੰਠ ਸਨ ਕਿਸੇ ਟੀਕੇ, ਪ੍ਰਯਾਯ ਜਾਂ ਕੋਸ਼ ਵੇਖਣ ਦੀ ਉਨ੍ਹਾਂ ਨੂੰ ਲੋੜ ਨਹੀਂ ਸੀ। ਛੇ ਸ਼ਾਸਤ੍ਰਾਂ ਤੇ ਹੋਰ ਮਤਾਂ ਦੇ ਸਿਧਾਂਤਾ ਦਾ ਵਰਨਣ ਕਰਕੇ ਉਨ੍ਹਾਂ ਨਾਲੋਂ ਗੁਰਮਤਿ ਸਿਧਾਤਾਂ ਨੂੰ ਸਰਵੋਤਮ ਵਰਨਣ ਕੀਤਾ ਕਰਦੇ। ਅਜਿਹੇ ਸਮੇਂ ਸ੍ਰੋਤਿਆਂ ਜਾਂ ਸ਼ੰਕਾ ਵਾਦੀਆਂ ਦੀ ਤਸੱਲੀ ਲਈ ਯੁਕਤੀਆਂ (ਦਲੀਲਾਂ), ਉਦਾਹਰਣਾਂ ਤੇ ਪ੍ਰਮਾਣਾਂ (ਸਬੂਤਾਂ) ਦੀ ਭਰਪੂਰ ਵਰਤੋਂ ਕਰਦੇ। ਅਰਥ ਕਰਨ ਸਮੇਂ ਸ਼ਬਦਾਂ ਦੀਆਂ ਸੰਗਲੀਆਂ ਮੇਲ ਦੇਂਦੇ ਤੇ ਸ਼ਬਦ



Digitized by Panjab Digital Library | www.panjabdigilib.org

ਦੀ ਹਰ ਤੁਕ ਨੂੰ ਦੂਜੀ ਤੁਕ ਨਾਲ ਇਸ ਤਰ੍ਹਾਂ ਮੇਲਦੇ ਕਿ ਵਿਦਿਆਰਥੀ ਚੱਕ੍ਰਤ ਹੋ ਜਾਂਦੇ। ਪੜ੍ਹਾਉਣ ਦਾ ਢੰਗ ਉਨ੍ਹਾਂ ਦਾ ਅਪਣਾ ਤੇ ਨਿਰਾਲਾ ਸੀ। ਉਨ੍ਹਾਂ ਦੇ ਦਸੇ ਹੋਏ ਅਰਥ ਸਪੱਸ਼ਟ ਹੋਣ ਤੋਂ ਇਲਾਵਾ ਛੇਤੀ ਦਿਮਾਗ ਵਿੱਚ ਬੈਠ ਜਾਇਆ ਕਰਦੇ ਸਨ। ਪੜ੍ਹਾਏ ਹੋਏ ਅਰਥਾਂ ਦੀ ਕਈ ਵਾਰ ਵਿਦਿਆਰਥੀਆਂ ਤੋਂ ਅਰਥ ਪੁੱਛ ਕੇ ਜਾਂ ਆਪਣੇ ਸਾਹਮਣੇ ਕਥਾ ਕਰਵਾ ਕੇ ਪ੍ਰੀਖਿਆ ਲੈਂਦੇ ਤੇ ਮਗਰੋਂ ਉਕਾਈਆਂ ਜਾਂ ਭੁਲਾਂ ਦੀ ਦਰੁਸਤੀ ਕਰਦੇ।

## (੩) ਸਿੰਘਾਂ ਨਾਲ ਪਿਆਰ—

ਉਂਵ ਭਾਵੇਂ ਉਹ ਹਰ ਪ੍ਰਾਣੀ ਮਾਤ੍ਰ ਤੇ ਹਰ ਮਜਹਬ, ਭੇਖ, ਮਤਿ ਤੇ ਸੰਪ੍ਰਦਾਇ ਦੇ ਬੰਦਿਆਂ ਨਾਲ (ਉਨ੍ਹਾਂ ਨੂੰ ਰਾਮ ਦੀ ਅੰਸ ਸਮਝ ਕੇ) ਪਿਆਰ ਕਰਦੇ ਸਨ ਪਰ ਅੰਮ੍ਰਿਤਧਾਰੀ ਤੇ ਰਹਿਤ ਮਰਯਾਦਾਂ ਵਿੱਚ ਪ੍ਰਪੱਕ ਸਿੰਘਾਂ ਨੂੰ ਵੇਖਕੇ ਜਾਂ ਮਿਲਕੇ ਵਧੇਰੇ ਖੁਸ਼ੀ ਮਹਿਸੂਸ ਕਰਦੇ ਸਨ। ਜਥੇ ਦੇ ਸਾਰੇ ਸਿੰਘਾਂ ਨਾਲ ਅਪਣੇ ਸਕੇ ਪੁਤਰਾਂ ਵਾਂਗ ਦਿਲੀ ਸਨੇਹ ਰਖਦੇ ਸਨ। ਮੈਨੂੰ ਇਹ ਜ਼ਾਤੀ ਤਜਰਬਾ ਹੈ ਕਿ ਜਥੇ ਦਾ ਹਰ ਇਕ ਸਿੰਘ ਇਹ ਮਹਿਸੂਸ ਕਰਦਾ ਸੀ ਕਿ ਬਾਕੀ ਸਾਰੇ ਸਿੰਘਾਂ ਨਾਲੋਂ ਸੰਤ ਮੇਰੇ ਨਾਲ ਵਧ ਪਿਆਰ ਕਰਦੇ ਹਨ। ਗਲ ਬਾਤ ਦੇ ਦੌਰਾਨ ਉਹ ਸਿੰਘਾਂ ਨੂੰ ਆਪਣੀ ਹਿੱਕ ਦੇ ਵਾਲਾਂ ਜਾਂ ਆਪਣੇ ਪ੍ਰਾਣਾਂ ਨਾਲ ਤੁਲਨਾ ਦਿਆ ਕਰਦੇ ਸਨ। ਉਨ੍ਹਾਂ ਦੀ ਇਸ ਪਿਆਰ ਖਿੱਚ ਦਾ ਸਦਕਾ ਹੀ ਬਹੁਤੇ ਸਿੰਘਾਂ ਨੇ ਜੀਵਨ ਭਰ ਸੰਤਾਂ ਦੀ ਸੰਗਤ ਵਿੱਚ ਰਹਿਣ ਦੇ ਪ੍ਰਣ ਕੀਤੇ ਹੋਏ ਸਨ। ਇਕ ਵਾਰ ਗਿ: ਮਨੀ ਸਿੰਘ ਜੀ ਨੇ ਸੰਤਾਂ ਨੂੰ ਕਿਹਾ ਮਹਾਰਾਜ! ਜੱਥਾ ਫੇਰਨ ਸਮੇਂ ਉੱਚ ਵਿਦਿਆ ਪੜ੍ਹਨ ਵਾਲੇ ਵਿਦਿਆਰਥੀ ਹੀ ਨਾਲ ਰਖਿਆ ਕਰੋ। ਘਟ ਪੜ੍ਹੇ ਜਾਂ ਅਨਪੜ੍ਹ ਸਿੰਘਾਂ ਨੂੰ ਭਿੰਡਰੀਂ ਰਹਿਣ ਦਿਆ ਕਰੋ ਤਾਂ ਆਪ ਨੇ ਹੱਸ ਕੇ ਫੁਰਮਾਇਆ ਮਨੀ ਸਿੰਘ ਜੀ 'ਕੀ ਪਤਾ ਹੈ ਕਿ ਰੱਬ ਅਨਪੜ੍ਹਾਂ ਵਿੱਚ ਹੀ ਵਸਦਾ ਹੋਵੇ।' ਇਹ ਸੁਣਕੇ ਸਿੰਘ ਹੈਰਾਨ ਰਹਿ ਗਏ।



Digitized by Panjab Digital Library | www.panjabdigilib.org

## ੪. ਉਦਾਰਤਾ--

ਲਗ ਭਗ ਡੇਢ ਸੌ ਸਿੰਘਾਂ ਦੇ ਜੱਥੇ ਨੂੰ ਨਾਲ ਲੈ ਕੇ ਭਾਰਤ ਭਰ ਦੇ ਵਡੇ ਵਡੇ ਸ਼ਹਿਰਾਂ, ਗੁਰਧਾਮਾਂ, ਤੀਰਥਾਂ ਤੇ ਹੋਰ ਪਹਾੜੀ ਥਾਵਾਂ ਤੇ ਵਿਚਰਨ ਸਮੇਂ ਸਫਰ ਖਰਚ ਦੀ ਜ਼ਿਮੇਵਾਰੀ ਆਪ ਦੇ ਸਿਰ ਸੀ। ਸਿੰਘਾਂ ਦੇ ਕਪੜਿਆਂ, ਖਾਨਪਾਨ, ਪੁਸਤਕਾਂ, ਗ੍ਰੰਥਾਂ ਤੇ ਹੋਰ ਵਾਧੂ ਖਰਚਾਂ ਨੂੰ ਪੂਰਿਆਂ ਕਰਦੇ ਸਨ। ਇਤਿਹਾਸਕ ਗੁਰਧਾਮ ਸ੍ਰੀ ਹਰਿਮੰਦਰ ਸਾਹਿਬ, ਸਾਰੇ ਤਖਤ ਸਾਹਿਬਾਨ ਤੇ ਹੋਰ ਗੁਰਦੁਆਰਿਆਂ ਤੇ ਦਰਸ਼ਨਾਂ ਸਮੇਂ ਸੈਂਕੜੇ ਤੇ ਹਜ਼ਾਰਾਂ ਰੁਪਇਆਂ ਦੇ ਇਕੋ ਵਾਰ ਕੜਾਹ ਪ੍ਰਸ਼ਾਦ, ਮਿਠਿਆਈਆਂ ਦੇ ਪੱਕੇ ਲੰਗਰ, ਕਰਵਾਂਦੇ। ਭਿੰਡਰੀ ਆ ਕੇ ਘਿਉ ਦੀਆਂ ਕੜਛੀਆਂ ਤੇ ਜਲੇਬੀਆਂ ਦੇ ਭੰਡਾਰੇ ਵਰਤਾਂਦੇ। ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ੫੧੦੦) ਰੁਪਏ ਦਾ ਇਕੋ ਦਿਨ ਕੜਾਹ ਪ੍ਰਸ਼ਾਦ ਕਰਵਾਇਆ। ੩੩੦੦), ੨੧੦੦), ੧੧੦੦) ਤੇ ੫੦੦) ਦੇ ਕੜਾਹ ਪ੍ਰਸ਼ਾਦ ਤਾਂ ਕਈ ਵਾਰ ਕਰਵਾਏ। ਮਾਇਆ ਨੂੰ ਅਪਣੇ ਕੋਲ ਜਮਾਂ ਰਖਣਾ ਬੋਝ ਸਮਝਦੇ ਸਨ। ਸੰਗਤਾਂ ਵਲੋਂ ਆਏ ਕੀਮਤੀ ਕਪੜਿਆਂ ਤੇ ਹੋਰ ਵਸਤੂਆਂ ਨੂੰ ਉਸੇ ਵੇਲੇ ਵਰਤਾ ਦੇਂਦੇ। ਕਈ ਵਾਰ ਜ਼ਰੂਰੀ ਖਰਚਾਂ ਤੋਂ ਬਚੀ ਮਾਇਆ ਵੀ ਜੇਬ ਖਰਚ ਵਜੋਂ ਸਿੰਘਾਂ ਵਿਚ ਵੰਡ ਦਿਆ ਕਰਦੇ। ਜਿਨ੍ਹਾਂ ਸਿੰਘਾਂ ਨੇ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਨਹੀਂ ਸਨ ਕੀਤੇ ਹੁੰਦੇ ਉਨ੍ਹਾਂ ਨੂੰ ਅਪਣੇ ਕੋਲੋਂ ਆਉਣ ਜਾਣ ਦੇ ਖਰਚਾਂ ਲਈ ਮਾਇਆ ਦੇ ਕੇ ਯਾਤਰਾ ਲਈ ਤੋਰ ਦਿਆ ਕਰਦੇ। ਕਿਹਾ ਕਰਦੇ ਸਨ ਕਿ ਅਸਾਨੂੰ ਸਿੰਘ ਪੰਗਤ ਵਿਚ ਬੈਠ ਕੇ ਚੰਗੇ ਭੋਜਨ ਛਕਦੇ ਤੇ ਸੰਗਤ ਵਿਚ ਜੁੜ ਕੇ ਕਥਾ ਕੀਰਤਨ ਕਰਦੇ ਸੁਣਦੇ ਅਤੇ ਗੁਰ ਬਾਣੀ ਪੜ੍ਹਦੇ ਪੜ੍ਹਾਉਂਦੇ ਸੋਹਣੇ ਲਗਦੇ ਹਨ।

ਉਦਾਰਤਾ ਇਕ ਰੱਬੀ ਗੁਣ ਹੈ ਜੋ ਹਰ ਇਨਸਾਨ ਵਿੱਚ ਨਹੀਂ ਹੋ ਸਕਦਾ ਕੇਵਲ ਰੱਬੀ ਪਿਆਰਿਆਂ ਵਿਚ ਹੋਣਾ ਹੀ ਸੰਭਵ ਹੋ ਸਕਦਾ ਹੈ। ਅਣਗਿਣਤ ਤਿਆਗੀਆਂ ਤੇ ਵੈਰਾਗੀਆਂ ਵਿੱਚ ਵੀ ਇਸ ਦੀ ਅਣਹੋਂਦ ਵੇਖੀ ਗਈ ਹੈ। ਉਦਾਰਤਾ ਦੇ ਪੱਖ ਤੋਂ ਸੰਤ ਜੀ ਮਹਾਰਾਜ ਨੂੰ



Digitized by Panjab Digital Library | www.panjabdigilib.org

ਤਕਿਆਂ ਇਕ ਸਾਧਾਰਨ ਮਨੁਖ ਦੀ ਬੁਧੀ ਚੱਕ੍ਰਿਤ ਹੋ ਜਾਂਦੀ ਸੀ। ਉਨ੍ਹਾਂ ਮਾਇਆ ਜਮ੍ਹਾ ਕਰਾਉਣ ਲਈ ਨ ਕਦੀ ਬੈਂਕ ਦਾ ਮੂੰਹ ਵੇਖਿਆ ਸੀ ਤੇ ਨਾਹੀਂ ਕਪੜਿਆਂ ਲਈ ਕੋਈ ਸਟੋਰ ਬਣਾਇਆ ਸੀ। ਉਹ ਗੁਰੂ ਕੀ ਸਾਧ ਸੰਗਤ ਨੂੰ ਹੀ ਅਪਣਾ ਬੈਂਕ ਤੇ ਸਟੋਰ ਸਮਝਦੇ ਸਨ। ਕਿਸੇ ਸ਼ੈ ਨੂੰ ਜਮਾਂ ਰਖਣ ਦਾ ਸ਼ਬਦ ਹੀ ਉਨ੍ਹਾਂ ਦੀ ਡਿਕਸ਼ਨਰੀ ਵਿਚ ਨਹੀਂ ਸੀ। ਘਟੋ ਘੱਟ ਮੈਂ ਅਪਣੀ ਜ਼ਿੰਦਗੀ ਵਿੱਚ ਸੰਤਾਂ ਵਰਗੀ ਉਦਾਰਤਾ ਕਿਸੇ ਦੂਸਰੇ ਵਿੱਚ ਨਹੀਂ ਤੱਕੀ।

**੫. ਨਿੰਮ੍ਰਤਾ**—ਏਡੇ ਵਡੇ ਵਿਦਵਾਨ, ਦੈਵੀ ਸ਼ਕਤੀਆਂ ਦੇ ਮਾਲਕ, ਗੁਣਾਂ ਦੇ ਪੁੰਜ ਤੇ ਪੰਥ ਵਿਚ ਸਭ ਤੋਂ ਉੱਚੀ ਧਾਰਮਕ ਸ਼ਖਸੀਅਤ ਹੋਣ ਦੇ ਬਾਵਜੂਦ 'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਦੇ ਮਹਾਂਵਾਕ ਅਨੁਸਾਰ ਨਿੰਮ੍ਰਤਾ ਦੇ ਘਰ ਵਿਚ ਵਿਚਰਦੇ ਸਨ। ਛੋਟੇ ਤੋਂ ਛੋਟੇ ਤੇ ਗਰੀਬ ਤੋਂ ਗਰੀਬ ਸਿੰਘ ਨੂੰ ਵੀ 'ਜੀ' ਸ਼ਬਦ ਨਾਲ ਬੁਲਾਂਦੇ। ਹਰ ਆਏ ਮਹਾਂ ਪੁਰਖ ਸਾਧੂ ਜਾਂ ਸਿੰਘ ਦਾ ਪਲੰਘ ਤੋਂ ਹੇਠ ਉਤਰ ਕੇ ਸਤਿਕਾਰ ਕਰਦੇ। ਜਦੋਂ ਤੋਂ ਮੈਂ ਜਾਂ ਸਿੰਘ ਸਾਹਿਬ ਗਿ: ਕਪੂਰ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ 'ਗ੍ਰੰਥੀ' ਦੀ ਪਵਿਤ੍ਰ ਸੇਵਾ ਤੇ ਥਾਪੇ ਗਏ ਹਾਂ ਸਾਨੂੰ ਅਪਣੇ ਪਲੰਘ ਦੇ ਪਾਸ ਹੇਠ ਫ਼ਰਸ਼ ਤੇ ਨ ਬੈਠਣ ਦੇਂਦੇ ਤੇ ਵਿਸ਼ੇਸ਼ ਸਤਿਕਾਰ ਲਈ ਹੋਰ ਪਲੰਘ ਜਾਂ ਕੁਰਸੀ ਮੰਗਵਾਕੇ ਬਿਠਾਂਦੇ। ਜੇ ਅਸੀਂ ਕਹਿੰਦੇ ਕਿ 'ਮਹਾਰਾਜ ਜੀ! ਅਸੀਂ ਤਾਂ ਤੁਹਾਡੇ ਵਿਦਿਆਰਥੀ ਹਾਂ' ਤਾਂ ਅਗੋਂ ਪਿਆਰ ਭਰੇ ਲਹਿਜੇ 'ਚ ਫੁਰਮਾਉਂਦੇ ਨਾ ਭਾਈ ਹੁਣ ਤੁਸੀਂ ਸਤਿਕਾਰ ਯੋਗ ਬਾਬਾ ਬੁੱਢਾ ਜੀ ਅਤੇ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਗੱਦੀ ਦੇ ਮਾਲਕ ਹੋ ਇਸ ਲਈ ਸਾਨੂੰ ਤੁਹਾਡਾ ਸਤਿਕਾਰ ਕਰਨਾ ਹੀ ਬਣਦਾ ਹੈ। ਇਹ ਸੁਣਕੇ ਸਾਡਾ ਸਰੀਰ ਪਾਣੀ ਪਾਣੀ ਹੋ ਜਾਂਦਾ। ਜੇ ਕਿਸੇ ਸਿੰਘ ਨੂੰ ਉਸ ਦੇ ਕਿਸੇ ਕਸੂਰ ਬਦਲੇ ਤਾੜ ਵੀ ਲੈਂਦੇ ਤਾਂ ਥੋੜੀ ਹੀ ਦੇਰ ਬਾਦ ਉਸ ਤੋਂ ਹੱਥ ਜੋੜ ਕੇ ਮੁਆਫੀ ਮੰਗ ਲੈਂਦੇ ਜਿਸ ਦਾ ਸਿੰਘਾਂ ਦੀ ਜ਼ਿੰਦਗੀ ਤੇ ਇਹ ਅਸਰ ਹੁੰਦਾ ਕਿ ਆਪਸੀ ਝਗੜੇ ਦੇ ਫੌਰਨ ਬਾਦ ਸਿੰਘ ਇਕ ਦੂਜੇ ਤੋਂ ਮੁਆਫੀ ਮੰਗਕੇ ਇਕ ਸੁਰ ਹੋ



Digitized by Panjab Digital Library | www.panjabdigilib.org

ਜਾਇਆ ਕਰਦੇ ਸਨ। ੧੯੩੯ ਈ: ਅਪ੍ਰੈਲ ਦੇ ਦਿਨਾਂ ਵਿੱਚ ਲਾਇਲ ਪੁਰ ਸਿੰਘ ਸਭਾ ਦੇ ਗੁਰਦੁਆਰੇ ਵਿੱਚ ਕਥਾ ਦੇ ਭੋਗ ਤੋਂ ਉਪਰੰਤ ਆਪ ਜੀ ਨੇ ਵਿਦਿਆਰਥੀਆਂ ਨੂੰ ਜੋ ਨਿੰਮ੍ਰਤਾ ਭਰੇ ਸ਼ਬਦ ਕਹੇ ਉਹ ਹੁਣ ਤੱਕ ਮੇਰੇ ਕੰਨਾਂ ਅੰਦਰ ਗੂੰਜਦੇ ਹਨ :– ਉਹ ਸ਼ਬਦ ਇਹ ਸਨ "ਸਿੰਘੋ! ਮੈਂ ਤੁਹਾਡੀ ਸੰਗਤ ਵਿੱਚ ਰਹਿੰਦਾ ਰਿਹਾ ਹਾਂ, ਪੜ੍ਹਾਉਣ ਸਮੇਂ ਜਾਂ ਪ੍ਰਬੰਧ ਕਰਨ ਵਜੋਂ ਇਨ੍ਹਾਂ ਦਿਨਾਂ ਵਿਚ ਮੈਂ ਕਿਸੇ ਸਿੰਘ ਨੂੰ ਕੋਈ ਵਧ ਘਟ ਸ਼ਬਦ ਕਹਿ ਦਿਤਾ ਹੋਵੇ ਤਾਂ ਮੈਨੂੰ ਅਪਣਾ ਅਣਜਾਣ ਤੇ ਛੋਟਾ ਭਰਾ ਸਮਝ ਕੇ ਮੁਆਫ ਕਰ ਦੇਣਾ।" ਇਹ ਸ਼ਬਦ ਸੁਣਕੇ ਸੰਗਤ ਅਤੇ ਵਿਦਿਆਰਥੀਆਂ ਦੇ ਨੇਤ੍ਰ ਸਜਲ ਹੋ ਗਏ ਤੇ ਕੰਠ ਰੁਕ ਗਏ।

**੬. ਕਥਾ ਵਿਚ ਅਸਰ**—ਗੁਰਬਾਣੀ ਜਾਂ ਗੁਰ ਇਤਿਹਾਸ ਦੀ ਕਥਾ ਕਰਦਿਆਂ ਆਪ ਮਸਤ ਹੋ ਜਾਂਦੇ ਅਜੇਹੀ ਇਕਾਗ੍ਰਤਾ, ਪਿਆਰ ਤੇ ਵੈਰਾਗ ਭਰੇ ਮਿਠੇ ਤੇ ਸਾਦੇ ਸ਼ਬਦਾਂ ਵਿੱਚ ਬੋਲਦੇ ਕਿ ਸਰੋਤੇ ਮੂਰਤਾਂ ਬਣ ਜਾਂਦੇ। ਆਪ ਦੀ ਕਥਾ ਸਰੋਤਿਆਂ ਲਈ ਘੰਡਾ ਹੇੜੇ ਦਾ ਸ਼ਬਦ ਜਾਂ ਸੱਪ ਨੂੰ ਮਸਤ ਕਰਨ ਵਾਲੀ ਬੀਨ ਆਖਿਆ ਜਾ ਸਕਦਾ ਹੈ। ਕਈ ਸਾਲ ਪਹਿਲਾਂ ਸੁਣੀ ਆਪ ਦੀ ਕਥਾ ਕਈ ਵਾਰ ਹੁਣ ਵੀ ਮੇਰੇ ਕੰਨਾਂ ਵਿੱਚ ਗੂੰਜਣ ਲਗ ਪੈਂਦੀ ਹੈ। ਇਹ ਮੇਰਾ ਤੇ ਕਈ ਸਿੰਘਾਂ ਦਾ ਜਾਤੀ ਤਜਰਬਾ ਹੈ ਕਿ ਕਈ ਵਾਰ ਕਥਾ ਸੁਣਦਿਆਂ ਅਪਣੇ ਸਰੀਰ ਤੇ ਦੇਸ਼ ਕਾਲ ਦਾ ਚੇਤਾ ਭੁਲ ਜਾਂਦਾ ਸੀ। ਇਕ ਵਾਰ ਕੀ ਕਥਾ ਸੁਣੀ ਅੱਠ ਪਹਿਰ ਮਸਤੀ ਚੜ੍ਹਾਈ ਰਖਦੀ ਸੀ। ਕਈ ਸ਼ਰਧਾਲੂਆਂ ਅੰਦਰ ਇਹ ਅਸਰ ਮਹੀਨਾ ਭਰ ਤੇ ਕਈਆਂ ਅੰਦਰ ਸਾਲ ਭਰ ਰਹਿੰਦਾ ਸੀ। ਲਾਇਲਪੁਰ ਜ਼ਿਲੇ ਦੇ ਇਕ ਸਿੰਘ ਨੇ ਮੈਨੂੰ ਦਸਿਆ ਕਿ ਮੈਂ ਅਪਣੇ ਭਰਾ ਨਾਲ ਪਹਿਲੀ ਵਾਰ ਆਇਆ। ਮੈਂ ਕੁਝ ਪ੍ਰਸ਼ਨ ਮਨ 'ਚ ਲੈ ਕੇ ਆਇਆ ਸਾਂ। ਸੰਤ ਔਂਦਿਆਂ ਨੂੰ ਕਥਾ ਕਰ ਰਹੇ ਸਨ। ਉਨ੍ਹਾਂ ਮੇਰੇ ਮਨ ਦੇ ਪ੍ਰਸ਼ਨਾਂ ਦੇ ਉਤਰ ਨੰਬਰ ਵਾਰ ਕਥਾ 'ਚ ਹੀ ਸੁਣਾ ਦਿਤੇ ਜਿਸ ਨਾਲ ਮੈਂ ਸਦਾ ਉਨ੍ਹਾਂ ਦੀ ਸ਼ਰਧਾ ਦਾ ਪਾਤਰ ਬਣ ਗਿਆ। ਅਜਿਹੀਆਂ ਅਣਗਿਣਤ ਮਿਸਾਲਾਂ ਹਨ।



Digitized by Panjab Digital Library | www.panjabdigilib.org

ਕਈਆਂ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਕਥਾ ਦੇ ਪ੍ਰੋਗਰਾਮ ਸਮੇਂ, ਪੰਡਿਤ, ਮੌਲਵੀ ਤੇ ਹੋਰ ਵਿਦਵਾਨ ਚਰਚਾ ਦੇ ਖਿਆਲ ਨਾਲ ਆਏ ਪਰ ਕਥਾ ਸੁਣਕੇ 'ਵਾਹ ਵਾਹ' ਕਰ ਉਠੇ ਤੇ ਚਰਨ ਛੁਹ ਕੇ ਇਹ ਆਖਦੇ ਗਏ ਕਿ ਅਸਾਂ ਇਹ 'ਅਨਭਵੀ ਵਿਦਿਆ' ਨਹੀਂ ਪੜ੍ਹੀ। ਉਨ੍ਹਾਂ ਦੇ ਨਾ ਥਾਂ ਵਿਸਥਾਰ ਦੇ ਭੈ ਤੋਂ ਨਹੀਂ ਲਿਖੇ।

ਸੰਤਾਂ ਦੀ ਕਥਾ ਦਾ ਜੋ ਅਸਰ ਆਮ ਸਿੱਖ ਸੰਗਤਾਂ ਤੇ ਪੈਂਦਾ ਸੀ ਉਸਦੀਆਂ ਕਈ ਮਿਸਾਲਾਂ ਮੇਰੇ ਕੋਲ ਨੋਟ ਹਨ ਉਨ੍ਹਾਂ ਵਿਚੋਂ ਇਕ ਮਿਸਾਲ ਪੇਸ਼ ਕਰਦਾ ਹਾਂ ਜੋ ਮੈਨੂੰ ਸ: ਅਮਰ ਸਿੰਘ ਜੀ ਬੁੱਟਰ (ਗੁਰਦਾਸ ਪੁਰ) ਮੈਂਬਰ ਐਗਜ਼ੈਕਟਿਵ ਕਮੇਟੀ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਨੇ ਨੋਟ ਕਰਵਾਈ ਹੈ।

ਲਗ ਭਗ ੧੯੪੯ ਈ: ਦਾ ਸਮਾ ਸੀ ਜਦੋਂ ਬਣੇ ਪ੍ਰੋਗਰਾਮ ਅਨੁਸਾਰ ਸਾਡੇ ਪਿੰਡ ਬੁੱਟਰ ਵਿੱਚ ਸੰਤ ਸ਼ਾਮ ਦੀ ਕਥਾ ਕਰ ਰਹੇ ਸਨ। ਕਥਾ ਵਿੱਚ ਲੜਕੀ ਦਾ ਪੈਸਾ ਲੈ ਕੇ ਸ਼ਾਦੀ ਕਰਨ ਵਾਲੇ ਪਾਪੀ ਬੰਦੇ ਨੂੰ ਹੋਣ ਵਾਲੀਆਂ ਸਜ਼ਾਵਾਂ ਦਾ ਜ਼ਿਕਰ ਚਲ ਰਿਹਾ ਸੀ। ਸੰਤਾਂ ਨੇ ਉਸ ਸਮੇਂ ਵੈਰਾਗ 'ਚ ਢਲ ਕੇ ਅਜਿਹੇ ਦਰਦ ਭਰੇ ਵਾਕ ਕਹੇ ਕਿ ਸੰਗਤ ਵਿਚੋਂ ਪਿੰਡ ਦਾ ਇਕ ਸਰੋਤਾ ਫੌਜਾ ਸਿੰਘ ਉਠ ਖੜਾ ਹੋਇਆ ਤੇ ਹੱਥ ਜੋੜਕੇ ਅੱਥਰੂ ਭਰੇ ਨੇਤ੍ਰਾਂ ਅਤੇ ਰੁਕ ਹੋਏ ਗਲੇ ਨਾਲ ਬਹੁਤ ਅਧੀਨ ਹੋ ਕੇ ਬੇਨਤੀ ਕਰਨ ਲੱਗਾ ਤਾਂ ਸੰਤਾਂ ਨੇ ਕਥਾ ਰੋਕ ਕੇ ਉਸ ਨੂੰ ਪੁਛਿਆ ਕਿ ਕੀ ਗਲ ਹੈ ਤਾਂ ਉਸ ਨੇ ਮੁਰਝਾਏ ਹੋਏ ਮਨ ਨਾਲ ਅੱਖਾਂ ਚੋਂ ਹੰਝੂ ਕੇਰਦਿਆਂ ਆਖਿਆ ਕਿ ਮਹਾਰਾਜ! ਮੈਂ ਬੜਾ ਪਾਪੀ ਹਾਂ ਮੈਨੂੰ ਬਖਸ਼ ਲਉ ਕਿਉਂਕਿ ਮੈਂ ੧੪੦੦) ਰੁਪਇਆ ਲੈ ਕੇ ਫੇਰ ਆਪਣੀ ਭੈਣ ਦੀ ਸ਼ਾਦੀ ਕੀਤੀ ਹੈ। ਸੁਣਕੇ ਸੰਗਤਾਂ ਤ੍ਰੱਬਕ ਉਠੀਆਂ ਤੇ ਹੈਰਾਨੀ ਛਾ ਗਈ। ਸੰਤਾਂ ਕਿਹਾ ਕਲ ਨੂੰ ਸ਼ਾਮ ਦੀ ਕਥਾ ਸਮੇਂ ਅਪਣੀ ਭੈਣ ਤੇ ਭਣਵਈਏ ਨੂੰ ਨਾਲ ਲੈ ਕੇ ਸੰਗਤ ਵਿੱਚ ਹਾਜ਼ਰ ਹੋਵੀਂ ਤੇ ਨਾਲ ੧੪੦੦) ਰੁਪਏ ਵੀ ਲਈ ਆਵੀਂ। ਅਗਲੇ ਦਿਨ ਫੌਜਾ ਸਿੰਘ ਅਪਣੀ ਭੈਣ ਗਿਆਨ ਕੌਰ ਤੇ ਭਣਵਈਏ ਸੁਵਰਨ ਸਿੰਘ ਨੂੰ ਉਨ੍ਹਾਂ ਦੇ ਪਿੰਡ ਖਹਿਰੇ ਤੋਂ ਜੋ ਉਥੋਂ ਨੇੜੇ ਹੀ ਸੀ, ਨਾਲ ਲੈ ਕੇ ਸਮੇਂ ਸਿਰ ਕਥਾ



Digitized by Panjab Digital Library | www.panjabdigilib.org

ਅਸਥਾਨ ਤੇ ਪੁਜ ਗਿਆ । ਸੰਤਾਂ ਨੇ ਸਾਰੀ ਸੰਗਤ ਦੇ ਸਾਹਮਣੇ ਇਸ ਦੇ ਆਪਣੇ ਹੱਥੀਂ ਉਹ ੧੪੦੦) ਰੁਪਇਆ ਉਸ ਦੀ ਭੈਣ ਦੀ ਝੋਲੀ ਪੁਆ ਦਿਤਾ ਤੇ ਸੰਤਾਂ ਨੇ ਪ੍ਰਸੰਨ ਹੋ ਕੇ ਫੌਜਾ ਸਿੰਘ ਨੂੰ ਕਿਹਾ ਖੰਡੇ ਦਾ ਅੰਮ੍ਰਿਤ ਛਕ ਲਉ ਤੁਹਾਨੂੰ ਮਾਇਆ ਦੀ ਘਾਟ ਨਹੀਂ ਰਹੇਗੀ। ਸੰਤਾਂ ਦੇ ਬਚਨਾਂ ਅਨੁਸਾਰ ਫੌਜਾ ਸਿੰਘ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਬਾਬਾ ਅਮਰ ਸਿੰਘ ਨੇ ਦਸਿਆ ਕਿ ਹੁਣ ਫੌਜਾ ਸਿੰਘ ਦਾ ਮੁਰੱਬਾ ਮੇਰੇ ਨਾਲ ਹੈ ਤੇ ਉਸ ਦੀ ਮਾਇਕ ਹਾਲਤ ਕਾਫੀ ਚੰਗੀ ਹੈ ਤੇ ਸਾਰਾ ਪਰਵਾਰ ਅਨੰਦ ਨਾਲ ਜ਼ਿੰਦਗੀ ਬਸਰ ਕਰ ਰਿਹਾ ਹੈ। ਇਹ ਸਭ ਸੰਤਾਂ ਦੀ ਪ੍ਰਸੰਨਤਾ ਦਾ ਹੀ ਫਲ ਹੈ।

ਆਪ ਦੀ ਕਥਾ ਵਿੱਚ ਜਾਦੂ ਵਰਗਾ ਅਸਰ ਸੀ ਜੋ ਨਾਸਤਕਾਂ ਤੇ ਮਨਮੁਖਾਂ ਨੂੰ ਵੀ ਗੁਰਬਾਣੀ ਦੀ ਰੰਗਣ ਚਾੜ੍ਹ ਦੇਂਦਾ ਸੀ ਜਿਸ ਦੀਆਂ ਬੇਅੰਤ ਉਦਾਹਰਣਾ ਮੇਰੇ ਪਾਸ ਨੋਟ ਹਨ।

ਆਪ ਦਾ ਸੁਭਾਉ ਬਚਪਨ ਤੋਂ ਹੀ ਨਰਮ ਸੰਕੋਚਵਾਂ, ਸਰਲ, ਸਾਦਾ, ਸ਼ਾਂਤ ਤੇ ਗੰਭੀਰ ਸੀ। ਜ਼ਿੰਦਗੀ ਆਪਣੇ ਲਈ ਨਹੀਂ ਸਗੋਂ ਦੂਜਿਆਂ ਲਈ ਰੀਜ਼ਰਵ ਕੀਤੀ ਹੋਈ ਸੀ। "ਜਨਮ ਮਰਣ ਦੁਹੂ ਮੈਂ ਨਾਹੀ ਜਨ ਪਰ ਉਪਕਾਰੀ ਆਏ। ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ" ਮਹਾਂਵਾਕ ਦਾ ਅੱਖਰ ਅੱਖਰ ਆਪ ਦੀ ਜ਼ਿੰਦਗੀ ਤੇ ਪੂਰਾ ਢੁਕਦਾ ਸੀ। ਵਡੇਰੀ ਉਮਰ ਅਤੇ ੧੩ ਸਾਲ ਤੋਂ ਸਿਹਤ ਦੀ ਬੇਹੱਦ ਕਮਜ਼ੋਰੀ ਦੇ ਬਾਵਜੂਦ ਸੰਤਾਂ ਵਲੋਂ ਆਪ ਦੇ ਜ਼ਿਮੇ ਲਗੀ ਗੁਰਮਤਿ ਵਿਦਿਆ ਦੇ ਪੜ੍ਹਾਣ ਦੀ ਡਿਊਟੀ ਨੂੰ ਅੰਤਲੇ ਦਿਨ ਤੱਕ ਪੂਰੇ ਉਤਸ਼ਾਹ ਨਾਲ ਨਿਭਾਇਆ।

'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ' ਦੇ ਮਹਾਂ ਵਾਕ ਅਨੁਸਾਰ ਸੱਚੀ ਦਰਗਾਹ ਦਾ ਸੱਦਾ ਆ ਜਾਣ ਤੇ ੨੭ ਤੇ ੨੮ ਜੂਨ ੧੯੬੯ ਈ: ਮੁ: ੧੪ ਤੇ ੧੫ ਹਾੜ ੨੦੨੬ ਬਿ: ਦਿਨ ਸ਼ੁਕਰ ਤੇ ਸਨਿੱਚਰ ਦੀ ਦਰਮਿਆਨੀ ਰਾਤ ਨੂੰ ਪਿੰਡ ਮਹਿਤਾ (ਅੰਮ੍ਰਿਤਸਰ) ਵਿਖੇ ਅੰਮ੍ਰਿਤ ਵੇਲੇ ਸਵਾ ਦੋ ਵਜੇ ਜੱਥੇ ਦੇ ਸਿੰਘਾਂ, ਪਰਵਾਰ, ਸਿਖ ਸੰਗਤਾਂ ਤੇ ਪੰਥ ਨੂੰ ਸਦੀਵੀ ਸਰੀਰਕ ਵਿਛੋੜਾ ਦੇ ਕੇ ਸੱਚਖੰਡ ਜਾ



Digitized by Panjab Digital Library / www.panjabdigilib.org

ਬਿਰਾਜੇ। ੩੯ ਸਾਲ ੪ ਮਹੀਨੇ ੧੦ ਦਿਨ ਜੱਥਾ ਫੇਰਿਆ ਤੇ ਕੁਲ ਉਮਰ ੬੭ ਸਾਲ ੪ ਮਹੀਨੇ ੧੪ ਦਿਨ ਜਗਤ ਵਿੱਚ ਵਿਚਰੇ।

**ਅੰਤਮ ਸੰਸਕਾਰ**--ਇਹ ਹਿਰਦੇ ਵੇਧਕ ਤੇ ਦੁਖਦਾਈ ਖਬਰ ਸਾਰੇ ਸਿਖ ਜਗਤ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਜਿਸ ਨੂੰ ਸੁਣਦਿਆਂ ਸੰਸਾਰ ਭਰ ਦੇ ਸਿੱਖਾਂ ਵਿਚ ਸ਼ੋਕ ਦੀ ਲਹਿਰ ਦੌੜ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸਾਹਿਬ ਸੰਤ ਚੰਨਣ ਸਿੰਘ ਜੀ ਮੌਕੇ ਤੇ ਪਹੁੰਚ ਗਏ। ਪ੍ਰਧਾਨ ਸਾਹਿਬ ਤੇ ਸੰਤ ਬਾਬਾ ਫਤਹ ਸਿੰਘ ਜੀ ਨੇ ਆਪ ਦੇ ਸ਼ਰੀਰਕ ਵਿਛੋੜੇ ਦਾ ਪੰਥ ਲਈ ਨ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਕੀਤਾ ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ। ਬਸਾਂ,ਟਰੱਕਾਂ ਤੇ ਕਾਰਾਂ ਦੇ ਕਾਫਲੇ ਨਾਲ ਆਪ ਦੇ ਸਰੀਰ ਨੂੰ ਸ੍ਰੀ ਹਰਿਮੰਦਰ ਸਾਹਿਬ ਨਮਸਕਾਰ ਤੇ ਇਸ਼ਨਾਨ ਕਰਵਾਕੇ ਰਾਤ ਭਿੰਡਰੀਂ ਲੈ ਜਾਇਆ ਗਿਆ। ਰਸਤੇ ਵਿਚ ਅੰਮ੍ਰਿਤਸਰ, ਤਰਨ ਤਾਰਨ, ਨੌਸ਼ਹਿਰੇ, ਸਰਹਾਲੀ ਤੇ ਹਰੀ ਕੇ ਪੱਤਣ, ਜ਼ੀਰਾ, ਈਸੇ ਖਾਂ ਦਾ ਕੋਟ ਤੇ ਭਿੰਡਰਾਂ ਵਿੱਚ ਲੱਖਾਂ ਲੋਕਾਂ ਨੇ ਆਪ ਜੀ ਦੇ ਅੰਤਮ ਦਰਸ਼ਨ ਕੀਤੇ ਤੇ ਸ਼ਰਧਾ ਦੇ ਫੁਲ ਭੇਟ ਕੀਤੇ। ਅਗਲੇ ਦਿਨ ੨੯ ਜੂਨ ਨੂੰ ਕੀਰਤਪੁਰ ਸਾਹਿਬ ਪਹੁੰਚ ਕੇ ਸਰਕਾਰੀ ਸਨਮਾਨਾਂ ਨਾਲ ਆਪ ਜੀ ਦਾ ਅੰਤਮ ਸੰਸਕਾਰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਕਰ ਦਿਤਾ ਗਿਆ।

**ਭਾਈ ਗੁਰਮੁਖ ਸਿੰਘ ਜੀ ਉੜੀਸਾ**--ਸੰਤਾਂ ਦੇ ਅੰਗੀਠੇ ਨੂੰ ਅੱਗ ਲਾਇਆਂ ਅਜੇ ਮਸਾਂ ੧੫ ਕੁ ਮਿੰਟ ਹੀ ਹੋਏ ਸਨ ਕਿ ਸੰਤਾਂ ਦਾ ਹਜ਼ੂਰੀ ਸੇਵਾਦਾਰ, ਨਾਮ ਬਾਣੀ ਦਾ ਰਸੀਆ, ਪੂਰਨ, ਤਿਆਗੀ, ਵਿਰਾਗੀ ਸਿਖ, ਰਹਿਣੀ ਦਾ ਪੂਰਾ, ਸੰਤਾਂ ਦੀ ਪ੍ਰਸੰਨਤਾ ਦਾ ਪਾਤਰ ਭਾਈ ਗੁਰਮੁਖ ਸਿੰਘ 'ਉੜੀਸਾ' ਅੰਗੀਠੇ ਵਿਚ ਛਾਲ ਮਾਰ ਕੇ ਸੰਤਾਂ ਦੇ ਨਾਲ ਹੀ ਅਗਨਿ ਭੇਟ ਹੋ ਗਿਆ, ਪਤੰਗੇ ਦੀ ਪ੍ਰੀਤ ਦੀ ਰੀਤ ਨੂੰ ਸੁਰਜੀਤ ਕਰ ਗਿਆ ਤੇ ਸੰਤਾਂ ਦੇ ਨਾਲ ਹੀ ਸਚਖੰਡ ਜਾ ਬਿਰਾਜਿਆ। ਜਥੇ ਦੇ ਸਿੰਘਾਂ ਨੇ ਉਸੇ ਸਮੇਂ ਮੈਨੂੰ ਦੱਸਿਆ ਕਿ ਇਕ ਦਿਨ ਭਾਈ ਗੁਰਮੁਖ ਸਿੰਘ ਦੀ



Digitized by Panjab Digital Library | www.panjabdigilib.org

ਸੇਵਾ ਤੇ ਪ੍ਰਸੰਨ ਹੋ ਕੇ ਸੰਤਾਂ ਕਿਹਾ, ਆ ਬਈ 'ਉੜੀਸਾ' ਮੰਗ ਲੈ ਜੋ ਤੇਰੀ ਇੱਛਾ ਹੈ ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ ਤਾਂ ਅਗੋਂ ਉਸ ਹਥ ਜੋੜ ਕੇ ਕਿਹਾ ਮਹਾਰਾਜ ਜੀ ! ਹੋਰ ਤਾਂ ਕੋਈ ਇੱਛਾ ਨਹੀਂ ਇਕੋ ਇੱਛਾ ਹੈ ਕਿ ਮੇਰੀ ਤੁਹਾਡੇ ਨਾਲ ਨਿਭ ਜਾਵੇ, ਸੰਤਾਂ ਖੁਸ਼ ਹੋ ਕੇ ਕਿਹਾ ਅੱਛਾ ਤੇਰੀ ਸਾਡੇ ਨਾਲ ਹੀ ਨਿਭ ਜਾਵੇਗੀ। ਸੋ ਬਚਨ ਸੱਚ ਹੋਇਆ। ਇਸ ਮੌਕੇ ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ, ਮੁਖ ਮੰਤ੍ਰੀ ਪੰਜਾਬ ਸ: ਗੁਰਨਾਮ ਸਿੰਘ, ਵਿਦਿਆ ਮੰਤ੍ਰੀ ਸ: ਸੋਹਣ ਸਿੰਘ ਬਾਸੀ ਮਾਲ ਮੰਤ੍ਰੀ ਸ: ਆਤਮਾ ਸਿੰਘ ਤੇ ਹਰੀਜਨ ਕਲਿਆਣ ਮੰਤ੍ਰੀ ਡਾ: ਭਗਤ ਸਿੰਘ। ਵਡੇ ਸੰਤਾਂ ਦੇ ਭਰਾਤਾ ਸੰਤ ਇੰਦਰ ਸਿੰਘ ਜੀ, ਸੰਤ ਅਜਾਇਬ ਸਿੰਘ ਜੀ, ਸੰਤ ਨਰਾਇਣ ਸਿੰਘ ਜੀ ਸੰਤ ਕਿਰਪਾਲ ਸਿੰਘ ਜੀ ਰੋੜੇ ਸੰਤ ਕਲੇਰਾਂ ਵਾਲੇ, ਸੰਤ ਹਰਖੋ ਵਾਲ ਤੇ ਸੰਤ ਰਾੜੇ ਵਾਲਿਆਂ ਦੇ ਪ੍ਰਤਿਨਿਧਿ, ਚੀਫ ਖਾਲਸਾ ਦੀਵਾਨ ਅਤੇ ਸਾਰੀਆਂ ਸਿਖ ਸੰਪ੍ਰਦਾਵਾਂ ਦੇ ਮੁਖੀ ਜਾਂ ਉਨ੍ਹਾਂ ਦੇ ਪ੍ਰਤਿਨਿਧਿ, ਸਾਰੇ ਵਡੇ ਵਡੇ ਸਰਕਾਰੀ ਅਫਸਰ ਸੰਤਾਂ ਦਾ ਸਾਰਾ ਪ੍ਰਵਾਰ, ਜਥੇ ਦੇ ਨਵੇਂ ਪੁਰਾਣੇ ਸਾਰੇ ਸਿੰਘ ਉਨ੍ਹਾਂ ਦੀਆਂ ਸ਼ਰਧਾਲੂ ਸਿਖ ਸੰਗਤਾਂ ਮਾਈ ਭਾਈ ਹਜ਼ਾਰਾਂ ਦੀ ਗਿਣਤੀ ਵਿੱਚ ਆਪ ਦੇ ਅੰਤਮ ਦਰਸ਼ਨਾਂ ਲਈ ਪੁਜੀਆਂ ਹੋਈਆਂ ਸਨ, ਜਿਨ੍ਹਾਂ ਨੇ ਆਪ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ। ਅੰਤਮ ਸੰਸਕਾਰ ਨੂੰ ਸ਼ਾਹੀ ਸਨਮਾਨਾਂ ਨਾਲ ਕੀਤੇ ਜਾਣ ਦੀ ਸਾਰਾ ਪ੍ਰਬੰਧ ਸ੍ਰੀ ਮਾਨ ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਉੱਦਮ ਤੇ ਪਿਆਰ ਦਾ ਸਦਕਾ ਹੋਇਆ ਉਨ੍ਹਾਂ ਨੇ ਪੂਰਾ ਦਿਲਚਸਪੀ ਤੇ ਹਮਦਰਦੀ ਨਾਲ ਆਪਣੀ ਜ਼ਿਮੇਵਾਰੀ ਸਮਝ ਕੇ ਅਪਣੇ ਵਲੋਂ ਸਾਰਾ ਇੰਤਜ਼ਾਮ ਕੀਤਾ ਜਿਸ ਲਈ ਉਹ ਸਾਰੇ ਸਿਖ ਪੰਥ ਵਲੋਂ ਧੰਨਵਾਦ ਦੇ ਪਾਤਰ ਹਨ।

੩੦-੬-੬੯ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੇ ਸ਼ੋਕ ਪ੍ਰਸਤਾਵ ਪਾਸ ਕਰ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੀ ਜ਼ਿੰਦਗੀ ਪੰਥ ਲਈ ਬੇ ਕੀਮਤੀ ਸਰਮਾਇਆ ਸੀ ਉਨ੍ਹਾਂ ਦੇ ਗੁਰਪੁਰੀ ਪਿਆਨੇ ਨਾਲ ਪੰਥ ਨੂੰ ਨ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਨਾਲ ਹੀ ਸੰਤਾਂ ਦੇ



Digitized by Panjab Digital Library | www.panjabdigilib.org

ਸੁੰਦਰ ਤਸਵੀਰ ਬਣਾ ਕੇ ਸਿਖ ਅਜਾਇਬ ਘਰ ਵਿਚ ਲਗਵਾਉਣ ਦਾ ਵੀ ਫੈਸਲਾ ਕਰ ਦਿੱਤਾ ਗਿਆ ਹੈ।

ਇਸ ਵੇਲੇ ਆਪ ਪੰਥ ਵਿੱਚ ਇਕ ਮਹਾਨ ਤੇ ਮੰਨੀ ਪ੍ਰਮੰਨੀ ਸ਼ਖਸੀਅਤ ਸਨ। ਆਪ ਦੀ ਇਕ ਇਕੱਲੀ ਜ਼ਿੰਦਗੀ ਗੁਰਮਤਿ ਵਿਦਿਆ ਦੀ ਇਕ ਚਲਦੀ ਫਿਰਦੀ ਯੂਨੀਵਰਸਟੀ ਦਾ ਰੂਪ ਧਾਰਨ ਕਰ ਗਈ ਸੀ। ਜਾਂ ਇਉਂ ਸਮਝੋ ਕਿ ਇਕ ਸੰਸਥਾ ਦਾ ਰੂਪ ਧਾਰਨ ਕਰ ਗਈ ਸੀ। ਆਪ ਕਹਿਣੀ ਤੇ ਕਰਣੀ ਦੇ ਪੂਰੇ ਸੂਰੇ ਸਨ। ਵਿਖਾਵੇ ਨਾਲੋਂ ਅਸਲੀ ਜ਼ਿੰਦਗੀ ਨੂੰ ਵਧੇਰੇ ਪਸੰਦ ਕਰਦੇ ਸਨ। ਹਮੇਸ਼ਾ ਹਸਮੁਖ ਤੇ ਚੜ੍ਹਦੀ ਕਲਾ ਦੇ ਵਾਸੀ ਸਨ। ਆਗੂ ਬਣਨ ਤੋਂ ਸੰਕੋਚਦੇ ਪਰ ਗੁਪਤ ਰਹਿ ਕੇ ਪੰਥ ਦੀ ਨਿੱਗਰ ਸੇਵਾ ਵਿਚ ਜੁਟੇ ਹੋਏ ਸਨ। ਅਪਣਾ ਸਤਿਕਾਰ ਕਰਾਉਣ ਨਾਲੋਂ ਦੂਜਿਆਂ ਦੇ ਸਤਿਕਾਰ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ, ਜਿਸਦੇ ਫਲ ਸਰੂਪ ਆਪ ਦਾ ਪੰਥ ਵਿੱਚ ਮਹਾਨ ਸਤਿਕਾਰ ਮੌਜੂਦ ਸੀ।

ਵਰਤਮਾਨ ਸਮੇਂ ਵਿੱਚ ਗੁਰਮਤਿ ਸਾਹਿਤ ਦੇ ਸਾਰੇ ਮਹਾਨ ਗ੍ਰੰਥਾਂ ਨੂੰ ਪੜ੍ਹਾਉਣ ਲਈ ਆਪ ਦਾ ਸਾਨੀ ਕੋਈ ਨਹੀਂ ਸੀ। ਵਿਦਿਆਰਥੀਅ ਨੂੰ ਕੇਵਲ ਦਿਮਾਗੀ ਇਲਮ ਹੀ ਨਹੀਂ ਸਗੋਂ ਉਨ੍ਹਾਂ ਨੂੰ ਸਿੱਖੀ ਜੀਵਨ ਦੇ ਅਸਲੀ ਸਾਂਚੇ ਵਿੱਚ ਢਾਲਣ ਦਾ ਕੰਮ ਕਰਦੇ ਸਨ।

ਵਾਹਿਗੁਰੂ ਜੀ ਬਖਸ਼ਸ਼ ਕਰਨ ਕਿ ਮਹਾਂ ਪੁਰਖਾਂ ਦੇ ਸਰੀਰਕ ਵਿਛੋੜੇ ਕਾਰਨ ਜੋ ਪੰਥ ਨੂੰ ਨ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਸ ਨੂੰ ਪੂਰਾ ਕਰਨ ਤਾਂ ਕਿ ਉਨ੍ਹਾਂ ਵਲੋਂ ਲਾਈ ਹੋਈ ਗੁਰਮਤਿ ਵਿਦਿਆ ਦੀ ਇਹ ਫੁਲਵਾੜੀ ਖਿੜੀ ਤੇ ਮਹਿਕਦੀ ਰਹੇ ਅਤੇ ਅਪਣੀ ਇਹ ਮਹਿਕ ਸਾਰੇ ਜਗਤ ਵਿੱਚ ਖਿਲਾਰ ਕੇ ਮਹਿਕਾਉਂਦੀ ਰਹੇ।

ਕਿਰਪਾਲ ਸਿੰਘ (ਗਿਆਨੀ) ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤਸਾਹਿਬ (ਅੰਮ੍ਰਿਤਸਰ)



Digitized by Panjab Digital Library | www.panjabdigilib.org

# ਦਸਤਾਰਬੰਦੀ ਦੀ ਰਸਮ–

੨੯ ਜੂਨ ਨੂੰ ਸੁਬ੍ਹਾ ੭ ਵਜੇ ਸੰਤ ਮਹਾਰਾਜ ਜੀ ਦੇ ਨਮਿੱਤ ਅਖੰਡ ਪਾਠਾਂ ਦਾ ਪ੍ਰਵਾਹ ਅਰੰਭ ਕਰ ਦਿਤਾ ਗਿਆ ਸੀ। ੮ ਜੁਲਾਈ ਮੰਗਲਵਾਰ ਦਸਹਿਰੇ ਵਾਲੇ ਦਿਨ ਅਕਾਲ ਕੁਟੀਆ ਦੇ ਪਿਛਲੇ ਪਾਸੇ ਖੁਲ੍ਹੇ ਮੈਦਾਨ ਵਿਚ ਬਹੁਤ ਵੱਡੇ ਵੱਡੇ ਛਾਇਆਵਾਨਾ ਹੇਠ ਸਜੇ ਵਿਸ਼ਾਲ ਪੰਡਾਲ ਦੇ ਇਕ ਪਾਸੇ ਕਾਫ਼ੀ ਲੰਬੀ ਚੌੜੀ ਸਜੀ ਸਟੇਜ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮ ਪਵਿਤ੍ਰ ਹਜ਼ੂਰੀ ਅੰਦਰ ਅੰਮ੍ਰਿਤ ਵੇਲੇ ਤੋਂ ਸੰਤਾਂ ਦੇ ਸ਼ਰਧਾਵਾਨ ਗੁਰਮੁਖ ਰਾਗੀ ਸਿੰਘਾਂ ਨੇ ਕਈ ਜੱਥਿਆਂ ਰਾਹੀ ਇਲਾਹੀ ਰੰਗਣ ਵਿਚ ਰੰਗੀਜ ਕੇ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕੀਤਾ। ਕੀਰਤਨ ਦੀ ਸਮਾਪਤੀ ਉਪ੍ਰੰਤ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ ਨੇ ਆਏ ਮਹਾਂਵਾਕ ਦੀ ਸ਼ਰਧਾ, ਪਿਆਰ ਤੇ ਵੈਰਾਗ ਮਈ ਵਿਦਵਤਾ ਭਰਪੂਰ ਮਨੋਹਰ ਤੇ ਰਸੀਲੀ ਕਥਾ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਭਾਰਤ ਭਰ ਦੇ ਕੋਨੇ ਕੋਨੇ ਤੋਂ ਸੰਤ ਜੀ ਮਹਾਰਾਜ ਦੇ ਵਿਦਿਆਰਥੀ ਤੇ ਸ਼ਰਧਾਲੂ ਭਾਰੀ ਗਿਣਤੀ ਵਿੱਚ ਪੁਜੇ ਹੋਏ ਸਨ। ਕਥਾ ਤੋਂ ਬਾਦ ਪੰਥ ਦੀਆਂ ਮਹਾਨ ਸ਼ਖਸੀਅਤਾਂ ਵਜੋਂ ਸੰਤ ਜੀ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਕਈਆਂ ਨੇ ਆਪ ਜੀ ਦੀ ਜ਼ਿੰਦਗੀ ਨੂੰ ਪੰਥ ਦਾ ਅਨਮੋਲ ਸਰਮਾਇਆ ਦਸਿਆ। ਕੁਝ ਕੁ ਨੇ ਆਪ ਦੇ ਵਿਛੋੜੇ ਨੂੰ, ਪੰਥ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਕਰਾਰ ਦਿੱਤਾ। ਕਿਸੇ ਨੇ ਆਪ ਦੇ ਜੀਵਨ ਨੂੰ ਸੂਰਜ ਨਾਲ ਤਸ਼ਬੀਹ ਦਿਤੀ ਤਾਂ ਦੂਜੇ ਨੇ ਚੰਦਨ ਬ੍ਰਿਛ ਨਾਲ। ਕਿਸੇ ਨੇ ਆਪ ਨੂੰ ਚੰਦ ਦਾ ਚਾਨਣ ਕਿਹਾ ਤੇ ਕਿਸੇ ਕਲਪ ਬ੍ਰਿਛ ਆਖਿਆ ਸਾਰਿਆਂ ਵਲੋਂ ਆਪ ਦੀਆਂ ਪੰਥਕ ਸੇਵਾਵਾਂ ਦੀ ਭਰਪੂਰ ਪ੍ਰਸੰਸਾ ਕੀਤੀ ਗਈ ਅਤੇ



Digitized by Panjab Digital Library | www.panjabdigilib.org

ਵਿਛੋੜੇ ਤੇ ਗਹਿਰੇ ਦੁਖ ਤੇ ਸ਼ੋਕ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਆਪ ਦੇ ਜਾਣ ਤੋਂ ਪੰਥ 'ਚ ਪਏ ਖਲਾਅ ਨੂੰ ਪੂਰਾ ਕਰਾਉਣ ਲਈ ਸਤਿਗੁਰਾਂ ਦੇ ਚਰਨਾਂ ਅੰਦਰ ਜੋਦੜੀਆਂ ਕੀਤੀਆਂ ਗਈਆਂ।

ਦੋ ਕੁ ਵਜੇ ਦੇ ਲਗ ਭਗ ਜਦ ਕਿ ਪੰਡਾਲ ਅੰਦਰ ਇਕ ਲੱਖ ਦੇ ਕਰੀਬ ਸੰਗਤਾਂ ਦਾ ਭਾਰੀ ਇਕੱਠ ਸੀ। ਭਿੰਡਰਾਂ ਦੀ ਸੰਪ੍ਰਦਾਇ ਦੇ ਮੁਖੀ ਮਹਾਂ ਪੁਰਖ ਸ੍ਰੀ ਮਾਨ ਸੰਤ ਬਾਬਾ ਇੰਦ੍ਰ ਸਿੰਘ ਜੀ ਨੇ ਸ੍ਰੀ ਮਾਨ ਮਹਾਂ ਪੁਰਖ, ਸੱਚਖੰਡ ਵਾਸੀ, ਸ੍ਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੀ ਥਾਂ ਸੰਤ ਜੀ ਮਹਾਰਾਜ ਦੇ ਪ੍ਰਮੁਖ ਵਿਦਿਆਰਥੀ, ਮਹਾਨ ਵਿਦਵਾਨ, ਤਿਆਗ, ਵੈਰਾਗ ਦੀ ਮੂਰਤਿ, ਨਾਮ ਅਭਿਆਸੀ, ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ ਦੇ ਥਾਪੇ ਜਾਣ ਦਾ ਐਲਾਨ ਕਰ ਦਿਤਾ। ਜਿਨ੍ਹਾਂ ਦੀ ਚੋਣ ਸਾਰੀ ਸੰਪ੍ਰਦਾਇ ਦੇ ਮੁਖੀ ਮਹਾਂ ਪੁਰਖਾਂ, ਸੰਤਾਂ ਦੇ ਵਿਦਿਆਰਥੀਆਂ, ਦੋਹਾਂ ਭਿੰਡਰਾਂ ਦੀਆਂ ਪੰਚਾਇਤਾਂ ਤੇ ਇਲਾਕੇ ਦੇ ਮੁਖੀਆਂ ਦੇ ਇਕੱਠ ਵਿੱਚ ਸਰਬ ਸੰਮਤੀ ਨਾਲ ਪਹਿਲੋਂ ਕਰ ਲਈ ਗਈ ਸੀ।

ਸਭ ਤੋਂ ਪਹਿਲਾਂ ਪੰਜ ਦਸਤਾਰਾਂ ਇਕੱਠੀਆਂ ਕਰਕੇ ਸ੍ਰੀ ਮਾਨ ਸੰਤ ਬਾਬਾ ਇੰਦਰ ਸਿੰਘ ਜੀ ਨੇ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ ਦੇ ਸੀਸ ਤੇ ਸਜਾਈਆਂ। ਇਹ ਪੰਜ ਦਸਤਾਰਾਂ ਸਨ ੧. ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਲੋਂ, ੨. ਸੰਪ੍ਰਦਾਇ ਭਿੰਡਰਾਂ ਵਲੋਂ, ੩. ਸ਼੍ਰੋਮਣੀ ਅਕਾਲੀ ਦਲ ਵਲੋਂ, ੪. ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਵਲੋਂ। ੫. ਨਿਰਮਲ ਪੰਚਾਇਤੀ ਅਖਾੜੇ ਵਲੋਂ। ਪੰਜਾਂ ਤਖਤ ਸਾਹਿਬਾਂ ਵਲੋਂ ਆਏ ਸਿਰੋਪਾ ਬਖਸ਼ੇ ਗਏ, ਫਿਰ ਦਸਤਾਰਾਂ ਦੀ ਬਰਖ਼ਾ ਹੀ ਹੋਣ ਲਗ ਪਈ। ਜਿਨ੍ਹਾਂ ਜਿਨ੍ਹਾਂ ਮਹਾਨ ਹਸਤੀਆਂ ਨੇ ਸੰਤ ਜੀ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂ ਸੰਤ ਗਿ: ਮੋਹਨ ਸਿੰਘ ਜੀ ਨੂੰ ਦਸਤਾਰੇ ਭੇਟ ਕੀਤੇ ਉਨ੍ਹਾਂ ਵਿਚੋਂ ਖਾਸ ਖਾਸ ਵਿਅਕਤੀਆਂ ਦੇ ਨਾਮ ਹੇਠ ਦਰਜ ਕਰਦਾ ਹਾਂ।

੧. ਸ੍ਰੀ ਮਾਨ ਸੰਤ ਬਾਬਾ ਫ਼ਤਹ ਸਿੰਘ ਜੀ, ਪ੍ਰਧਾਨ ਸ੍ਰੋਮਣੀ



Digitized by Panjab Digital Library | www.panjabdigilib.org

ਅਕਾਲੀ ਦਲ। ੨. ਸ੍ਰੀ ਮਾਨ ਸੰਤ ਚੰਨਣ ਸਿੰਘ ਜੀ, ਪ੍ਰਧਾਨ ਸ੍ਰੋ: ਗੁ: ਪ੍ਰ: ਕਮੇਟੀ, ੩. ਪੰਡਿਤ ਸੁੱਚਾ ਸਿੰਘ ਜੀ ਸ੍ਰੀ ਮਹੰਤ ਨਿਰਮਲ ਪੰਚਾਯਤੀ ਅਖਾੜਾ। ੪. ਸ੍ਰੀ ਮਾਨ ਸੰਤ ਇੰਦਰ ਸਿੰਘ ਜੀ। ੫. ਸ੍ਰੀ ਮਾਨ ਸੰਤ ਅਜਾਇਬ ਸਿੰਘ ਜੀ ਬੋਪਾ ਰਾਇ। ੬. ਸੰਤ ਨਰੈਣ ਸਿੰਘ ਜੀ ਲਧਾਈਕੇ। ੭. ਸੰਤ ਨਰੈਣ ਸਿੰਘ ਜੀ ਕਲੇਰਾਂ ਵਾਲੇ। ੮. ਸੰਤ ਕੁੰਦਨ ਸਿੰਘ ਜੀ ਕਲੇਰਾਂ ਵਾਲੇ। ੯. ਸੰਤ ਮੀਹਾਂ ਸਿੰਘ ਜੀ ਸਿਆੜ ਵਾਲੇ। ੧੦ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜੇ-ਵਾਲਿਆਂ ਦੇ ਪ੍ਰਤੀਨਿਧ। ੧੧. ਸੰਤ ਹਰਖੋਵਾਲ ਵਾਲਿਆਂ ਦੇ ਪ੍ਰਤੀਨਿਧ। ੧੨. ਸੰਤ ਕਹਾਰ ਪੁਰੀਆਂ ਦੇ ਪ੍ਰਤੀਨਿਧ। ੧੩. ਸੰਤ ਰਣ ਸਿੰਘ ਜੀ ਅੰਮ੍ਰਿਤਸਰ। ੧੪. ਸੰਤ ਹਰਿਚੰਦ ਸਿੰਘ ਜੀ ਲੌਂਗੋਵਾਲ। ੧੫. ਸੰਤ ਸੇਵਾ ਸਿੰਘ ਜੀ ਅਨੰਦਪੁਰ। ੧੬. ਸੰਤ ਮਾਨ ਸਿੰਘ ਜੀ ਕੋਕਰੀ ਕਲਾਂ ਤੇ ਕਿਸ਼ਨਪੁਰੇ ਵਾਲੇ। ੧੭. ਸਿੰਘ ਸਾਹਿਬ ਗਿ: ਭੁਪਿੰਦਰ ਸਿੰਘ ਜੀ। ੧੮. ਸਿੰਘ ਸਾਹਿਬ ਗਿ: ਚੇਤ ਸਿੰਘ ਜੀ। ੧੯. ਸਿੰਘ ਸਾਹਿਬ ਗਿ: ਕਪੂਰ ਸਿੰਘ ਜੀ ਬੈਰਾੜ। ੨੦. ਗਿ: ਗੁਰਦੀਪ ਸਿੰਘ ਜੀ ਦਿੱਲੀ। ੨੧. ਮੀਤ ਪ੍ਰਧਾਨ ਗੁ: ਪ੍ਰ: ਕਮੇਟੀ ਦਿੱਲੀ। ੨੨. ਗਿ: ਨਰਿੰਜਨ ਸਿੰਘ ਜੀ ਪਟਿਆਲਾ। ੨੩. ਸ: ਗਿਆਨ ਸਿੰਘ ਰਾੜੇਵਾਲਾ। ੨੪. ਸ: ਅਮਰ ਸਿੰਘ ਦੋਸਾਂਝ। ੨੫. ਸ: ਸ਼ਾਦੀ ਸਿੰਘ ਐਡੀਟਰ ਅਕਾਲੀ ਪਤ੍ਰਕਾ। ੨੬. ਗਿ: ਗੁਰਦਿੱਤ ਸਿੰਘ ਐਡੀਟਰ ਪ੍ਰਕਾਸ਼। ੨੭. ਸ: ਗੁਰਨਾਮ ਸਿੰਘ ਮੁਖ ਮੰਤ੍ਰੀ ਪੰਜਾਬ। ੨੮. ਵਿਦਿਆ ਮੰਤ੍ਰੀ ਸ: ਸੋਹਣ ਸਿੰਘ ਬਾਸੀ। ੨੯. ਹਰੀ ਜਨ ਕਲਿਆਣ ਮੰਤ੍ਰੀ ਡਾ: ਭਗਤ ਸਿੰਘ। ੩੦. ਸ੍ਰੀ ਕ੍ਰਿਸ਼ਨ ਲਾਲ ਖਜ਼ਾਨਾ ਮੰਤ੍ਰੀ। ੩੧. ਸ: ਜਗਦੇਵ ਸਿੰਘ (ਰਾਜ ਮੰਤ੍ਰੀ) ੩੨. ਜੱਥੇਦਾਰ ਜੀਵਨ ਸਿੰਘ ਉਮਰਾ ਨੰਗਲ (ਰਾਜ ਮੰਤ੍ਰੀ) ੩੩. ਸ: ਸਤਿਨਾਮ ਸਿੰਘ ਬਾਜਵਾ (ਰਾਜ ਮੰਤ੍ਰੀ) ੩੪. ਸ: ਰਵੇਲ ਸਿੰਘ (ਰਾਜ ਮੰਤ੍ਰੀ) ੩੫. ਗਿ: ਸ਼ੇਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ। ੩੬. ਭਾਈ ਸਾਹਿਬ ਅਵਤਾਰ ਸਿੰਘ ਰਾਗੀ



Digitized by Panjab Digital Library | www.panjabdigilib.org

ਦਿੱਲੀ। ੩੭. ਗਿ: ਵੀਰ ਸਿੰਘ ਮਦੋਕੇ। ੩੮. ਗਿਆਨੀ ਪੂਰਨ ਸਿੰਘ ਦਿੱਲੀ। ੩੯ ਗਿਆਨੀ ਗੁਰਬਚਨ ਸਿੰਘ ਅੰਮ੍ਰਿਤਸਰ। ੪੦ ਗਿ: ਪ੍ਰੀਤਮ ਸਿੰਘ ਪਟਿਆਲਾ। ੪੧ ਸੰਤਾਂ ਜੀ ਦੇ ਵੱਡੇ ਸਪੁੱਤ੍ਰ ਭਾਈ ਕਰਤਾਰ ਸਿੰਘ। ੪੨. ਸੰਤਾਂ ਦੇ ਛੋਟੇ ਸਪੁੱਤਰ ਭਾਈ ਸਾਹਿਬ ਭਗਵਾਨ ਸਿੰਘ। ੪੩. ਗਿ: ਮੇਵਾ ਸਿੰਘ, ੪੪. ਗਿ: ਹਰਨੇਕ ਸਿੰਘ। ੪੫. ਗਿ: ਕਰਨੈਲ ਸਿੰਘ ਬਤੂਵਾਲ। ੪੬. ਜੱਥੇਦਾਰ ਕਪੂਰ ਸਿੰਘ ਸੁਧਾਰ। ੪੭. ਗਿ: ਗੱਜਣ ਸਿੰਘ ਜੱਸੋਵਾਲ। ੪੮. ਭਾਈ ਕਰਤਾਰ ਸਿੰਘ ਪ੍ਰੇਮੀ। ੪੯. ਗਿ: ਨਰਿੰਜਨ ਸਿੰਘ ਵੈਦ। ੫੦. ਰਾਗੀ ਬਚਿਤ੍ਰ ਸਿੰਘ। ੫੧. ਗਿ: ਨਾਹਰ ਸਿੰਘ ਅਨੰਦਪੁਰ। ੫੨. ਸੰਤ ਗੁਰਬਖਸ਼ ਸਿੰਘ ਹਰਪਾਲਪੁਰ। ੫੩. ਗਿ: ਗੁਰਨਾਮ ਸਿੰਘ ਛੀਨੀਵਾਲ। ੫੪. ਗਿ: ਭਗਵਾਨ ਸਿੰਘ ਮਾੜੀ ਮੇਘਾ। ੫੫. ਗਿ: ਦਰਸ਼ਨ ਸਿੰਘ ਰਾਗੀ। ੫੬. ਸੰਤ ਜੋਗਿੰਦਰ ਸਿੰਘ ਕਹਾਰ ਪੁਰੀ। ੫੭. ਸੰਤ ਬਿਸ਼ਨ ਸਿੰਘ ਅੰਮ੍ਰਿਤਸਰ। ੫੮. ਮਹੰਤ ਮਾਧੋ ਸਿੰਘ ਜੀ ਅਖਾੜਾ ਵਾਲੇ। ੫੯. ਗਿ: ਗੁਰਦੇਵ ਸਿੰਘ ਜੀ ਮੁਨਾਵਾ (ਕਲਕਤਾ)। ਗਿ: ੬੦. ਦਰਸ਼ਨ ਸਿੰਘ ਸ਼ਹੀਦ। ੬੧. ਇੰਦ੍ਰਜੀਤ ਸਿੰਘ। ੬੨. ਭਾਈ ਬਲਵੰਤ ਸਿੰਘ ਜੋਗਾ। ੬੩. ਸੰਤ ਕਰਨੈਲ ਸਿੰਘ ਠੇਟਾ ਟਿੱਬਾ (ਦਿੱਲੀ) ੬੪. ਸੰਤ ਕੇਹਰ ਸਿੰਘ ਜੀ ਭੁਡਾਰੀ ਮਸਤੂਆਣਾ ਬੁੰਗਾ (ਦਮਦਮਾ ਸਾਹਿਬ) ੬੫. ਸੰਤ ਕਿਰਪਾਲ ਸਿੰਘ ਜੀ ਰੋੜੇ। ੬੬. ਸੰਤ ਕਰਤਾਰ ਸਿੰਘ ਜੀ ਰੋੜੇ। ੬੭. ਗਿ: ਬਿਸ਼ਨ ਸਿੰਘ ਜੀ ਰੋੜੇ।

ਥਾਂ ਦੀ ਤੰਗੀ ਦੇ ਕਾਰਨ ਜਾਂ ਭੁੱਲ ਦੇ ਕਾਰਨ ਜਿਨ੍ਹਾਂ ਮਹਾਂ ਪੁਰਖਾਂ, ਗੁਣੀਆਂ, ਗਿਆਨੀਆਂ ਦੇ ਨਾਂ ਰਹਿ ਗਏ ਹੋਣ ਉਹ ਦਾਸ ਨੂੰ ਖਿਮਾਂ ਕਰਨ।



Digitized by Panjab Digital Library | www.panjabdigilib.org

# ਸ਼ਰਧਾ ਦੇ ਫੁੱਲ

ਹੇਠ ਲਿਖੀ ਕਵਿਤਾ ਸਾਉਣ ਦੀ ਸੰਗ੍ਰਾਂਦ ਸੰਮਤ ੧੯੯੯
; ਮੁ: ੧੬ ਫ਼ਰਵਰੀ ੧੯੪੨ ਈ: ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ
। ਦੀ ਕਥਾ ਦੇ ਭੋਗ ਸਮਾਗਮ ਸਮੇਂ ਗੁਰਦੁਆਰਾ ਅਖੰਡ ਪ੍ਰਕਾਸ਼
ਡਰ ਕਲਾਂ ਵਿਖੇ ਪੜ੍ਹੀ ਗਈ। (ਲੇਖਕ)

ਹਰਾ— ਸ੍ਰੀ ਨਾਨਕ ਦਸਮੇਸ਼ ਗੁਰੁ, ਗੁਰੂ ਗ੍ਰੰਥ ਗੁਰੁ ਪੰਥ
ਪਦ ਸਰੋਜ ਪੈ੧ ਬੰਦ ਹੈ੨ ਨਾਮ ਦੀਜਯੇ ਸੰਥ॥੧॥
ਪੰਚ ਭੂਤ ਕੌੜ੩ ਜੋ ਕੀਯੋ ਹੈਂਤਾ ਤਿਆਗਨ ਕੰਨ।
ਜਗਤ ਬ੍ਰਹਮ ਕੋ ਰੂਪ ਲਖ ਭਏ ਬ੍ਰਹਮ ਮੈਂ ਲੀਨ ॥੨॥

ਬੱਤ— ਮਾਰ ਮਾਰ ਮਾਰ ਦੀਨ੪ ,ਹੇਤ ਜਾਰ ਜਾਰ ਕੀਨ੫,
ਰੋਹ੬ ਰਾਰ ਕੀਨ ਛੀਨ, ਲੋਭ ਭੀ ਬਿਨਾਸ ਹੈਂ ।
ਹੰਗਤਾ ਤਿਆਗ ਛੋੜ, ਭਰਮ ਔ ਭੇਦ ਤੋੜ,
ਅਦ੍ਵੈ ਮੈਂ ਲਿਵ ਜੋੜ, ਰੂਪ ਸੁਖ ਹਾਸ ਹੈ ।
ਧਿਆਤਾ ਧਿਆਨ ਧੇਯ੭, ਤੀਨੋਂ ਤ੍ਰਿਪਟੀ੮ ਅਭਾਵ ਭਈ
ਆਪਾ ਆਪ ਰੂਪ, ਨਾਹਿ ਦੇਹ ਅਧਿਆਸ ਹੈਂ ।
ਦਾਨੀ ਮਾਨੀ ਬ੍ਰਹਮ ਗਿਆਨੀ, ਏਕ ਕੇ ਧਿਆਨੀ ਜਾਨੀ੯,
ਐਸੇ ਸ੍ਰੀ ਸੰਤ ਹਰੀ ਚੇਤਨ ਬਿਲਾਸ੧੦ ਹੈਂ।

---

੧ ਚਰਨ ਕਵਲਾਂ ਉਪਰ। ੨ ਨਮਸਕਾਰ ਹੈ ੩ ਤੱਤਾਂ (ਦੇ ਸੁਭਾਵਾਂ)
; । ੪ ਕਾਮ ਦੀ ਜ਼ਹਰ ਨੂੰ ਮਾਰ ਦਿਤਾ ਹੈ । ੫ ਮੋਹ ਦੇ ਜਾਲ ਨੂੰ ਸਾੜ
ਦਤਾ ਹੈ। ੬ ਕ੍ਰੋਧ। ੭ ਜਿਸ ਦਾ ਧਿਆਨ ਕੀਤਾ ਜਾਵੇ। ੮ ਤਿੰਨਾ ਦਾ
ਕੱਠ। ੯ ਪਿਆਰੇ। ੧੦ ਸ਼੍ਰੀ ਮਾਨ ਸੰਤ (ਗਿਆਨੀ) ਗੁਰਬਚਨ ਸਿੰਘ
ਜੀ। (ਚੇਤਨ-ਗੁਰ। ਬਿਲਾਸ-ਬਚਨ। ਹਰੀ-ਸਿੰਘ)



Digitized by Panjab Digital Library | www.panjabdigilib.org

ਖਿਮਾ ਸਮ ਕਾਸਪੀ੧, ਨ੍ਰਿਖੋਭਤਾ ਬਯੋਮ ਸਰ੨,
ਸਮਤਾ ਘਨੰਤ ਕਰ੩, ਗੁਣੀਓਂ ਦੇ ਆਸ੪ ਹੈਂ ।
ਅਚੱਲਤਾ ਕਨਕ ਨਗ੫, ਤੇਜ ਸੇ੬ ਪ੍ਰਕਾਸ਼ ਚਿਤ,
ਦ੍ਰਵਤਾ ਸੁ ਬਾਰ ਸੀ੭ ਗੰਭੀਰ ਜਲ ਰਾਸ੮ ਹੈਂ ।
ਪਾਰਸ ਮੰਦਾਰਨ੯ ਔ ਚਿੰਤਾਮਨਿ ਕਾਮ ਧੇਨ,
ਸ੍ਰੀ ਖੰਡ ਸਮ੧੦ ਸਹਿਤ ਭਗਤੀ ਸੁਬਾਸ ਹੈਂ ।
ਦਾਨੀ ਮਾਨੀ ਬ੍ਰਹਮ ਗਿਆਨੀ, ਏਕ ਕੇ ਧਿਆਨੀ ਜਾਨੀ,
ਐਸੇ ਸ੍ਰੀ ਸੰਤ ਹਰੀ ਚੇਤਨ ਬਿਲਾਸ ਹੈਂ ।
ਹਰਿ ਸੇ੧੧ ਗਿਆਨ ਕਰ, ਹਰੇ ਸੇ੧੨ ਵਿਗਨ ਹਰ,
ਹਰਿ ਸੇ੧੩ ਵੈਰਾਗ ਪ੍ਰਦ, ਆਪ ਗੁਣ ਤਾਸ੧੪ ਹੈਂ ।
ਪੂਖਨ ਸੇ੧੫ ਦੂਖ ਹਰਿ, ਸ਼ਾਂਤ ਜੈਸੇ ਹਿਮਕਰ੧੬,
ਨਾਮ ਕੇ ਭੰਡਾਰੀ ਅਲਕੇਸ ਕੇ ਸੇ੧੭ ਭਾਸ ਹੈਂ ।
ਜਿਸ਼ਨ ਸੇ ਅੰਬਧਰ੧੮ ਵੁਠੇਂ ਉਪਦੇਸ਼ ਕਰਿ,
ਤੋਕਕਾਧਿਕਾਰੀ੧੯ ਚਿੱਤ ਸਦਾ ਸ ਉਲਾਸ ਹੈਂ ।
ਦਾਨੀ ਮਾਨੀ ਬ੍ਰਹਮ ਗਿਆਨੀ, ਏਕ ਕੇ ਧਿਆਨੀ ਜਾਨੀ,
ਐਸੇ ਸ੍ਰੀ ਸੰਤ ਹਰੀ ਚੇਤਨ ਬਿਲਾਸ ਹੈਂ ॥੫॥

---

੧ ਧਰਤੀ ਵਾਂਗ। ੨ ਅਕਾਸ਼ ਵਾਂਗ। ੩ ਹਵਾ। ੪ ਮੁਖੀ। ੫ ਸੁਮੇਰ ਪਰਬਤ। ੬ ਅੱਗਨੀ ਵਰਗੇ। ੭ ਜਲ ਵਰਗੀ। ੮ ਸਮੁੰਦਰ (ਵਾਂਗ)। ੯ ਕਲਪ ਬ੍ਰਿਛ। ੧੦ ਚੰਦਨ ਵਰਗੇ। ੧੧ ਵਿਸ਼ਨੂੰ ਵਾਂਗ ੧੨ ਸ਼ਿਵ ਵਾਂਗ। ੧੩ ਬ੍ਰਹਮਾ ਵਾਂਗ। ੧੪ ਗੁਣਾਂ ਦੇ ਸਮੁੰਦਰ। ੧੫ ਸੂਰਜ ਵਾਂਗ। ੧੬ ਚੰਦ੍ਰਮਾ। ੧੭ ਕੁਬੇਰ ਵਰਗੇ। ੧੮ ਇੰਦਰ ਵਰਗੇ ਬੱਦਲ। ੧੯ ਜਗਿਆਸੂਆਂ ਰੂਪ ਪਪੀਹੇ।



Digitized by Panjab Digital Library | www.panjabdigilib.org

ਕਥਾ ਗੁਰਬਾਣੀ ਆਦਿ ਅੰਤ ਪ੍ਰਜੰਤ ਕਹੀ,

ਪ੍ਰੇਮ ਗਿਆਨ ਨਾਮ ਜਾਂ ਮੈ ਭਗਤੀ ਪ੍ਰਕਾਸ਼ ਹੈਂ ।

ਬਾਣੀ ਜੋ ਉਚਾਰ ਕਰੇਂ ਝਰਨੇ ਪਿਊਸ੧ ਝਰੇਂ,

ਪ੍ਰੇਮ ਔ ਵੈਰਾਗ ਢਰੇਂ ਕਥੇਂ ਕਿਦਕਾਸ੨ ਹੈਂ ।

ਜੀਵਨ ਮੁਕਤ ਪਦ ਅਜਰ ਜਰਨ ਕੀਨ,

ਭਗਤੀ ਕੀ ਮਤੀ ਹੇਤ੩ ਦਾਸਨ ਕੋ ਦਾਸ ਹੈਂ ।

ਦਾਨੀ ਮਾਨੀ ਬ੍ਰਹਮ ਗਿਆਨੀ ਏਕ ਕੇ ਧਿਆਨੀ ਜਾਨੀ,

ਐਸੇ ਸ੍ਰੀ ਸੰਤ ਹਰੀ ਚੇਤਨ ਬਿਲਾਸ ਹੈਂ ॥੬॥

ਗੁਰਾਂ ਕੇ ਬਚਨ ਦੁਆਰਾ ਚੇਤਨ ਮੇਂ ਲੀਨ ਭਏ,

ਭਏ ਸੁੱਧ ਰੂਪ ਜਗ ਜਾਨਤੇ ਬਿਲਾਸ੪ ਹੈਂ ।

ਗੁ ਅਗਿਆਨ ਹਰ ਗਿਆਨ ਕੋ ਪਰਕਾਸ਼ ਕਰਿ,

ਮਾਨਿਓ ਜਿਨ ਬਚ ਤੇ ਭੀ ਭਏ ਰੂਪ ਖਾਸ੫ ਹੈਂ ।

ਵੱਡੇ ਪੂਜ ਆਪ ਭਏ ਔਰ ਕੋ ਬਨਾਯੋ ਪੂਜ,

ਤੁਰੀਆਂ ਮੇਂ ਗੰਮਤਾ੬ ਜੋ ਵਾਕ ਸੁਤੇ ਹਾਸ ਹੈਂ ।

ਦਾਨੀ ਮਾਨੀ ਬ੍ਰਹਮ ਗਿਆਨੀ ਏਕ ਕੇ ਧਿਆਨੀ ਜਾਨੀ,

ਐਸੇ ਸ੍ਰੀ ਸੰਤ ਹਰੀ ਚੇਤਨ ਬਿਲਾਸ ਹੈਂ ॥੭॥

---

੧ ਅੰਮ੍ਰਿਤ । ੨ ਅਕਾਸ਼ ਵਾਂਗ ਵਿਆਪਕ (ਵਾਹਿਗੁਰੂ ਦਾ)
੩ ਸਿਖਿਆ ਵਾਸਤੇ । ੪ ਖੇਲ ੫ ਸ਼ੁੱਧ ਰੂਪ । ੬ ਪਹੁੰਚ ।



Digitized by Panjab Digital Library | www.panjabdigilib.org

ਵਿਦਿਆ ਕੇ ਸਾਗਰ੧ ਹੈਂ ਜਗਤ ਉਜਾਗਰ੨ ਹੈਂ,
ਗੁਨਨ ਕੀ ਆਗਰ੩ ਹੈਂ ਰਹਿਤ ਮੋਹ ਫਾਸ ਹੈਂ੪।
ਅਸਨ੫ ਬਸਨ੬ ਬ੍ਰਹਮ ਵਿਦਿਆ ਕੋ ਦਾਨ ਦੇਤ,
ਚਿੱਤ ਕੇ ਉਦਾਰ੭ ਦਾਤੇ ਨਾਮ ਅਭਿਆਸ ਹੈਂ।
ਨ੍ਰਿੰਮ੍ਰਤਾ ਮਿਠਾਸ ਮਾਨੋ ਰਸਨਾ ਪੈ ਧਾਮ ਕੀਨੋ,
ਸਦਾਂ ਪ੍ਰਫੁਲ ਚਿੱਤ ਨਾਹਿ ਗਮ ਪਾਸਿ ਹੈਂ।
ਅਨੁਗ੍ਰਹੁ ਨਿਕੇਤ ਹਰਿ੮ ਦੀਜਯੇ ਗਿਆਨ ਦਾਨ,
ਤਾਰੋ ਭਵ ਨਿਧ ਅੰਭ੯ ਦਾਸ ਅਰਦਾਸ ਹੈਂ ॥੮॥

---

੧ ਸਮੁੰਦਰ। ੨ ਮਸ਼ਹੂਰ। ੩ ਖਾਣਿ। ੪ ਮੋਹ ਦੀ ਫਾਹੀ ਤੋਂ ਛੁ ਹੋਏ ਹਨ। ੫ ਭੋਜਨ। ੬ ਬਸਤ੍ਰ। ੭ ਸਖੀ, ਖੁੱਲੇ ਦਿਲ ਵਾਲੇ
੮ ਕ੍ਰਿਪਾਲ ਸਿੰਘ (ਅਨੁਗ੍ਰਹੁ-ਕ੍ਰਿਪਾ। ਨਿਕੇਤ-ਘਰ। ਹਰਿ-ਸਿੰਘ)
੯ ਸੰਸਾਰ ਸਮੁੰਦਰ ਤੋਂ।

---


ਨਿਰੰਕਾਰ ਪ੍ਰੈਸ, ਲਾਲ ਹਵੇਲੀ, ਮਹਾਂ ਸਿੰਘ ਗੇਟ, ਅੰਮ੍ਰਿਤਸਰ ਵਿਚ ਛਪਿਆ।



Digitized by Panjab Digital Library | www.panjabdigilib.org

# ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ

## 'ਭਿੰਡਰਾਂ ਵਾਲੇ'



ਜਿਨ੍ਹਾਂ ਨੂੰ ੮ ਜੁਲਾਈ ੧੯੬੯ ਵਾਲੇ ਦਿਨ ਸੰਪ੍ਰਦਾਇ ਭਿੰਡਰਾਂ ਵਲੋਂ
ਸੱਚਖੰਡ ਵਾਸੀ ਸੰਤ ਮਹਾਰਾਜ ਜੀ ਦੇ ਜਾ-ਨਸ਼ੀਨ
ਥਾਪਿਆ ਗਿਆ ।

Digitized by Panjab Digital Library | www.panjabdigilib.org

Digitized by Panjab Digital Library / www.panjabdigilib.org

# ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ ਭਿੰਡਰਾਂ ਵਾਲੇ

ਆਪ ਜੀ ਦਾ ਜਨਮ ੨੬ ਮਾਰਚ ੧੯੧੯ ਈ: ਮੁਤਾਬਕ ੧੩ ਚੇਤ ਸੰਮਤ ੧੯੭੬ ਬਿ: ਨੂੰ ਪਿਤਾ ਸ: ਹਰੀ ਸਿੰਘ ਅਤੇ ਮਾਤਾ ਧਰਮ ਕੌਰ ਤੋਂ ਪਿੰਡ ਚੱਕ ਨੰ: ੧੩੦ ਸਾਊਥ ਬ੍ਰਾਂਚ ਜ਼ਿਲਾ ਸਰਗੋਧਾ (ਪਾਕਿਸਤਾਨ) ਵਿੱਚ ਹੋਇਆ । ਪਿਤਾ ਜੀ ਪੈਨਸ਼ਨਰ ਹੌਲਦਾਰ ਸਨ ਉਨ੍ਹਾਂ ਦਾ ਪੁਰਾਣਾ ਪਿੰਡ ਸਿੰਬਲੀ ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਸੀ । ਫੌਜੀ ਹੋਣ ਦੇ ਨਾਤੇ ਆਪ ਨੂੰ ਗੌਰਮਿੰਟ ਵਲੋਂ ਡੇਢ ਮੁਰੱਬਾ ਜ਼ਮੀਨ ਇਸ ਚੱਕ ਵਿਚ ਮਿਲੀ ਹੋਈ ਸੀ। ਪੰਜ ਸਾਲ ਦੀ ਉਮਰ ਵਿੱਚ ਪਿਤਾ ਜੀ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਆਪ ਨੂੰ ਪੜ੍ਹਨੇ ਪਾ ਦਿਤਾ। ਪਿਤਾ ਜੀ ਅਤੇ ਮਾਤਾ ਜੀ ਪੂਰਨ ਧਾਰਮਕ ਵਿਚਾਰਾਂ ਦੇ ਸਨ । ਹਰ ਬੱਚੇ ਨੂੰ ਸਕੂਲ 'ਚ ਦਾਖਲ ਕਰਨ ਤੋਂ ਪਹਿਲਾਂ ਜਪੁ ਜੀ ਕੰਠ ਕਰਵਾ ਦਿਆ ਕਰਦੇ ਸਨ। ਧਾਰਮਕ ਸਿਖਿਆ, ਗੁਰਬਾਣੀ ਦਾ ਨਿਤਨੇਮ ਆਪ ਜੀ ਨੂੰ ਮਾਤਾ ਪਿਤਾ ਤੋਂ ਵਿਰਸੇ 'ਚ ਮਿਲਿਆ ਹੋਇਆ ਹੈ । ਏਥੇ ਚਾਰ ਜਮਾਤਾਂ ਪਾਸ ਕੀਤੀਆਂ। ਇਸੇ ਦੌਰਾਨ ਪਿਤਾ ਜੀ ਚੜ੍ਹਾਈ ਕਰ ਗਏ। ਤਿੰਨ ਜਮਾਤਾਂ ਖਾਲਸਾ ਹਾਈ ਸਕੂਲ ਸਰਗੋਧੇ 'ਚ ਦਾਖਲ ਹੋ ਕੇ ਪੜ੍ਹੀਆਂ, ਜਦ ਅਠਵੀਂ ਜਮਾਤ 'ਚ ਹੋਏ ਤਾਂ ਜਲੰਧਰ ਤੇ ਕਿੰਗ ਜਾਰਜਿਜ਼ ਰਾਇਲ ਇੰਡੀਅਨ ਮਿਲਟਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤੇ। ਇਸ ਤਰ੍ਹਾਂ ਦੇ ਫੌਜੀ ਸਕੂਲ ਭਾਰਤ ਵਿੱਚ ਉਸ ਸਮੇਂ ਸਿਰਫ਼ ਤਿੰਨ ਹੀ ਸਨ। ਇਨ੍ਹਾਂ ਵਿੱਚ ਸਿਰਫ਼ ਫੌਜੀਆਂ ਦੇ ਲਾਇਕ ਬੱਚੇ ਹੀ ਦਾਖਲ ਕੀਤੇ ਜਾਂਦੇ ਸਨ। ਪਾਸ ਹੋ ਕੇ ਸਕੂਲ ਚੋਂ ਉਨ੍ਹਾਂ ਨੂੰ ਨਿਕਲਦਿਆਂ ਹੀ ਵੱਡੇ ਵੱਡੇ ਫੌਜੀ ਅਹੁਦਿਆਂ ਤੇ ਲਾਇਆ ਜਾਂਦਾ ਸੀ। ਗਿ: ਜੀ ਦੇ ਕਈ ਹਮ ਜਮਾਤੀ ਇਸ ਸਮੇਂ ਫੌਜ ਵਿੱਚ ਬਰਗੇਡੀ-



Digitized by Panjab Digital Library | www.panjabdigilib.org

ਅਰ ਲੱਗੇ ਹੋਏ ਹਨ। ਆਪ ਹਰ ਜਮਾਤ ਵਿੱਚ ਅੱਵਲ ਰਹਿੰਦੇ ਸਨ। ਜਿਸ ਕਰਕੇ ਫੀਸ ਮੁਆਫ਼ੀ ਦੇ ਨਾਲ ਹੌਂਸਲਾ ਅਫ਼ਜ਼ਾਈ ਲਈ ਸਕੂਲ ਵਲੋਂ ਵਜ਼ੀਫ਼ਾ ਮਿਲਦਾ ਸੀ। ਆਪ ਨੌਵੀਂ ਜਮਾਤ ਵਿੱਚ ਸਨ ਕਿ ਮਾਤਾ ਜੀ ਚੜ੍ਹਾਈ ਕਰ ਗਏ। ਥੋੜੇ ਸਮੇਂ ਦੇ ਅੰਦਰ ਹੀ ਆਪ ਦੇ ਵੱਡੇ ਭ੍ਰਾਤਾ ਸੁੰਦਰ ਸਿੰਘ 'ਸੁੰਦਰ' ਜੋ ਐਫ. ਏ ਪਾਸ ਤੇ ਪੰਜਾਬੀ ਦੇ ਚੰਗੇ ਕਵੀ ਸਨ ਅਚਾਨਕ ਅਕਾਲ ਚਲਾਣਾ ਕਰ ਗਏ। ਆਪ ਨੇ ਦੂਜੇ ਭਰਾਵਾਂ ਨੂੰ ਭਾਣੇ 'ਚ ਰਾਜ਼ੀ ਰਹਿਣ ਦੇ ਖਤ ਲਿਖੇ।

ਜਨਰਲ ਨਾਲਜ (ਆਮ ਵਾਕਫ਼ੀਅਤ) ਦੇ ਮਜ਼ਮੂਨ ਦੇ ਪੀਰਡ ਸਮੇਂ ਆਪ ਜੀ ਨੇ ਪ੍ਰੋਫੈਸਰ ਪਾਸ ਪ੍ਰਸ਼ਨ ਕੀਤਾ ਕਿ ਇਹ ਸੰਸਾਰ ਕਿਸ ਨੇ, ਕਿਉਂ ਤੇ ਕਿਵੇਂ ਰਚਿਆ ਹੈ ਤੇ ਇਸ ਦੇ ਰਚਨ ਦਾ ਮਤਲਬ ਕੀ ਹੈ। ਪ੍ਰੋਫੈਸਰ ਕੋਈ ਉੱਤ੍ਰ ਨਾ ਦੇ ਸਕਿਆ। ਗਰਮੀ ਦੀਆਂ ਛੁਟੀਆਂ ਕਟਣ ਆਪਣੇ ਪਿੰਡ ਗਏ ਤਾਂ ਉਥੇ ਇਕ ਗੁਰਮੁਖ ਨਾਮ ਅਭਿਆਸੀ ਭਾਈ ਈਸ਼ਰ ਸਿੰਘ ਜੀ ਪਾਸ ਵੀ ਉਹੋ ਪ੍ਰਸ਼ਨ ਦੁਹਰਾਇਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਦੇ ਉੱਤ੍ਰ ਲਈ ਸੰਸਾਰ ਵਲੋਂ ਮੁਖ ਮੋੜਨਾ ਪਵੇਗਾ ਤੇ ਸਭ ਕੁਝ ਤਿਆਗਣਾ ਪਵੇਗਾ। ਭਾਈ ਈਸ਼ਰ ਸਿੰਘ ਅਤੇ ਹੋਰ ਸਾਧੂ ਸੰਤਾਂ ਦੀ ਸੰਗਤ ਤੇ ਉਪਦੇਸ਼ਾਂ ਦਾ ਸਦਕਾ ਆਪ ਦਾ ਮਨ ਵਧੇਰੇ ਭਜਨ ਸਿਮਰਨ 'ਚ ਜੁੜ ਗਿਆ ਤੇ ਸੰਸਾਰ ਵਲੋਂ ਉਪ੍ਰਾਮ ਰਹਿਣ ਲਗਾ। ਦਸਵੀਂ ਜਮਾਤ ਦੇ ਇਮਤਿਹਾਨ ਤੋਂ ਕੁਝ ਮਹੀਨੇ ਪਹਿਲਾਂ ਹੀ ਸਕੂਲ ਦੇ ਇਨਚਾਰਜ ਅੰਗ੍ਰੇਜ਼ ਕਰਨਲ ਨੂੰ ਆਪਣਾ ਅਸਤੀਫ਼ਾ ਲਿਖ ਦਿੱਤਾ। ਪ੍ਰੋਫੈਸਰਾਂ ਤੇ ਕਰਨਲ ਦੇ ਸਮਝਾਣ ਤੇ ਵੀ ਜਦ ਆਪ ਨਾ ਮੰਨੇ ਤਾਂ ਉਨ੍ਹਾਂ ਸਕੂਲ ਚੋਂ ਛੁੱਟੀ ਦੇ ਦਿਤੀ। ਆਪ ਸਕੂਲ ਛੱਡ ਕੇ ਭਾਈ ਈਸ਼ਰ ਸਿੰਘ ਕੋਲ ਪਿੰਡ ਆ ਗਏ ਉਨ੍ਹਾਂ ਪਠਲਾਵੇ ਵਾਲੇ ਸੰਤ ਘਨਈਆ ਸਿੰਘ ਜੀ ਪਾਸ ਭੇਜ ਦਿਤੇ ਉਹ ਚੰਗੇ ਸਿਮਰਨ ਅਭਿਆਸੀ ਤੇ ਕਹਣੀ ਦੇ ਮਾਲਕ ਸਨ। ਉਨ੍ਹਾਂ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਤੇ ਗੁਰਮੰਤ੍ਰ ਦੇ ਸਿਮਰਨ ਵਿੱਚ ਜੁੱਟ ਗਏ ਗਿ: ਖੇਮ ਸਿੰਘ ਜੀ ਤੇ ਸਾਰਕੁਤਾਵਲੀ ਭਰਵਰ ਸਾਮ੍ਰਿਤ



Digitized by Panjab Digital Library | www.panjabdigilib.org

ਵਿਚਾਰ ਮਾਲਾ ਅਧਿਆਤਮ ਪ੍ਰਕਾਸ਼ ਪ੍ਰਬੋਧ ਚੰਦਰ ਨਾਟਕ ਤੇ ਵੈਰਾਗ ਨੇਤਕ ਆਦਿ ਪੁਸਤਕ ਅਰਥਾਂ ਨਾਲ ਪੜ੍ਹੇ। ਵਿੱਚੋਂ ਹੀ ਛੇ ਮਹੀਨੇ ਅਨੰਦ ਪੁਰ ਕਲੌੜ ਬਾਹਰ ਕੁਟੀਆ 'ਚ ਸਿਮਰਨ ਕਰਦੇ ਰਹੇ। ਉਥੋਂ ਸ੍ਰੀ ਅਨੰਦਪੁਰ ਸਾਹਿਬ ਆ ਗਏ । ਏਥੇ ਗਿ: ਹਰਦਿਤ ਸਿੰਘ ਦੇ ਪ੍ਰੇਰਨਾ ਦੇਣ ਤੇ ਕਿ ਨਾਮ ਅਭਿਆਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਅਤੇ ਗੁਰਬਾਣੀ ਦਾ ਅਰਥ ਸੋਧ ਤੁਹਾਨੂੰ ਸਹਾਇਕ ਸਿੱਧ ਹੋਵੇਗਾ ਤੇ ਨਾਲ ਹੀ ਦਸਿਆ ਕਿ ਇਹ ਦਾਤ ਭਿੰਡਰਾਂ ਵਾਲਿਆਂ ਵਾਲੇ ਮਹਾਂ ਪੁਰਖ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਪਾਸੋਂ ਹੀ ਪ੍ਰਾਪਤ ਹੋ ਸਕੇਗੀ। ਸੰਤ ਜੀ ਮਹਾਰਾਜ ਜਦ ਅਨੰਦਪੁਰ ਸਾਹਿਬ ਆਏ ਤਾਂ ਆਪ ਉਚੇਚੇ ਤੌਰ ਤੇ ਦਰਸ਼ਨ ਕਰਨ ਗਏ । ਮਹਾਂ ਪੁਰਖ ਬੜੇ ਪਿਆਰ ਤੇ ਸਤਿਕਾਰ ਨਾਲ ਮਿਲੇ ਸੁੰਦਰ ਦਰਸ਼ਨ ਤੇ ਮਿਠੇ ਬਚਨ ਬਿਲਾਸ ਸੁਣ ਕੇ ਆਪ ਦਾ ਮਨ ਖਿਚਿਆ ਗਿਆ ਤੇ ਥੋੜੇ ਹੀ ਦਿਨਾਂ ਬਾਦ ਸੰਮਤ ੧੯੩੮ ਈ: ਦੇ ਦਰਮਿਆਨ ਸੰਤਾਂ ਪਾਸ ਭਿੰਡਰੀ ਪਹੁੰਚ ਗਏ। ਉਸ ਸਮੇਂ ਭਿੰਡਰੀ ੧੨੭ ਅਖੰਡ ਪਾਠਾਂ ਦੀ ਲੜੀ ਚਲ ਰਹੀ ਸੀ।

ਬਾਕੀ ਵਿਦਿਆਰਥੀਆਂ ਦੇ ਨਾਲ ਦੋਨੋਂ ਵਕਤ ਦੀ ਕਥਾ ਸੁਣਦੇ ਤੇ ਬਾਹਰ ਸਿਮਰਨ ਲਈ ਜਾਂਦੇ। ਸੰਤ ਜੀ ਮਹਾਰਾਜ ਅਤੇ ਮੇਰੇ ਵਰਗੇ ਸਾਥੀ ਵਿਦਿਆਰਥੀਆਂ ਦੇ ਜ਼ੋਰ ਦੇਣ ਤੇ ਆਪ ਬਾਕਾਇਦਾ ਕਥਾ ਵਿਚਾਰਨ ਤੇ ਕਾਪੀਆਂ ਤੇ ਅਰਥ ਲਿਖਣ ਲੱਗੇ । ਲਗਾਤਾਰ ਪੰਜ ਸਾਲ ਜੱਥੇ ਵਿਚ ਰਹਿਕੇ ਗੁਰਮਤਿ ਵਿਦਿਆ ਪੜ੍ਹਦੇ ਰਹੇ ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਸੰਪੂਰਨ ਕਥਾਵਾਂ ਅਰਥਾਂ ਨਾਲ ਪੜ੍ਹੀਆਂ ਤੇ ਲਿਖੀਆਂ। ਇਨ੍ਹਾਂ ਪੰਜ ਹੀ ਸਾਲਾਂ ਵਿਚ ਦਸਮ ਗੁਰੂ ਗ੍ਰੰਥ ਸਾਹਿਬ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰ ਬਿਲਾਸ ਪਾ: ੬ ਵੀਂ ਅਤੇ ੧੦ ਵੀਂ ਅਰਥਾਂ ਨਾਲ ਵਿਚਾਰੇ ਅਤੇ ਲਿਖੇ।



Digitized by Panjab Digital Library | www.panjabdigilib.org

ਜਦ ਗੁਰਮਤਿ ਵਿਦਿਆ 'ਚ ਆਪ ਪੂਰਨ ਨਿਪੁੰਨ ਹੋ ਗਏ ਤਾਂ ੧੯੪੪ ਈ: ਦੇ ਸ਼ੁਰੂ ਵਿੱਚ ਸੰਤ ਜੀ ਮਹਾਰਾਜ ਨੇ ਵੇਦਾਂਤ ਅਤੇ ਨਜਾਬ ਪਿੰਗਲ ਤੇ ਵੈਦਕ ਆਦਿ ਦੇ ਹੋਰ ਗ੍ਰੰਥਾਂ ਦੇ ਅਧਿਐਨ ਲਈ ਆਪ ਜੀ ਨੂੰ ਅੰਮ੍ਰਿਤਸਰ ਭੇਜ ਦਿਤਾ ਏਥੇ ਚੌਂਕ ਮੋਨੀ 'ਚ ਠਾਕਰਾਂ ਦੇ ਡੇਰੇ ਰਿਹਾਇਸ਼ ਰਖਕੇ ਗਿ: ਅਣੋਖ ਸਿੰਘ ਜੀ ਪਾਸੋਂ ਵਿਚਾਰ ਸਾਗਰ ਮੋਖ ਪੰਥ ਤੇ ਬ੍ਰਿਤੀ ਪ੍ਰਭਾਕਰ ਜਿਹੇ ਵੇਦਾਂਤ ਦੇ ਕਠਨ ਗ੍ਰੰਥ ਪੜ੍ਹੇ ਲਿਖੇ ਤੇ ਯਾਦ ਕੀਤੇ। ਬ੍ਰਿਤੀ ਤੋਂ ਪਹਿਲਾਂ ਨਜਾਬ ਦੇ ਪੁਸਤਕ ਤਰਕ ਸੰਗ੍ਰਹ ਤੇ ਨਜਾਬ ਪ੍ਰਕਾਸ਼ ਪੜ੍ਹੇ ਤੇ ਵਿਚਾਰੇ ਅਤੇ ਗੁਰ ਪ੍ਰਤਾਪ ਸੂਰਜ ਦੀ ਪੰਜਵੀਂ ਰੁੱਤ ਦੁਹਰਾਈ। ਪੰਡਤ ਅਮਰ ਸਿੰਘ ਜੀ ਤੋਂ ਰੂਪ ਦੀਪ ਪਿੰਗਲ, ਛੰਦ ਰਤਨਾਵਲੀ ਪੜ੍ਹੀ। ਮਹੰਤ ਗਨੇਸ਼ਾ ਸਿੰਘ ਤੋਂ ਵੀ ਕੁਝ ਗ੍ਰੰਥ ਅਰਥਾਂ ਨਾਲ ਪੜ੍ਹੇ ਗਿ: ਰਾਮ ਸਿੰਘਜੀ ਨੂੰ ਆਪ ਨੇ ਉਰਦੂ ਪੜ੍ਹਾ-ਇਆ ਤੇ ਉਨ੍ਹਾਂ ਤੋਂ ਪ੍ਰਬੋਧ ਚੰਦਰ ਨਾਟਕ ਅਤੇ ਵੈਰਾਗ ਸ਼ੱਤਕ ਦੋਬਾਰਾ ਪੜ੍ਹਿਆ। ਸੰਤ ਦਲੀਪ ਸਿੰਘ ਜੀ ਤੋਂ ਗਤਕਾ ਤੇ ਤਲਵਾਰ ਚਲਾਉਣ ਆਦਿ ਸ਼ਸਤ੍ਰ ਵਿਦਿਆ ਸਿਖੀ ਮਹੰਤ ਜੀਵਣ ਸਿੰਘ ਜੀ, ਠਾਕੁਰਾਂ ਦੇ ਡੇਰੇ ਦੀ ਮਹੰਤੀ ਦੇਣ ਨੂੰ ਜ਼ੋਰ ਲਾ ਰਹੇ। ਪਰ ਆਪ ਨਾ ਮੰਨੇ। ਆਪਣੇ ਥਾਂ ਗਿ: ਸੱਜਣ ਸਿੰਘ ਨੂੰ ਮਹੰਤੀ ਦੁਆ ਦਿੱਤੀ

ਅੰਮ੍ਰਿਤਸਰ ਰਹਿਣ ਸਮੇਂ ਸ਼ਹਿਰ ਦੀ ਆਬੋ ਹਵਾ ਮੁਆਫ਼ਕ ਨਾ ਹੋਣ, ਸ਼ਾਸਤ੍ਰਾਂ ਦੀ ਵਧੇਰੇ ਡੂੰਘੀ ਪੜ੍ਹਾਈ ਤੇ ਅਣਥੱਕ ਮਿਹਨਤ ਦੇ ਕਾਰਨ ਆਪ ਦੀ ਸਿਹਤ ਬਹੁਤ ਖਰਾਬ ਹੋ ਗਈ, ਤੇ ਆਪ ਇਲਾਜ ਲਈ ਪਿੰਡ ਜਲਾਲ ਦੀ ਵਾਲ ਗਿ: ਨਿਹਾਲ ਸਿੰਘ ਜੀ ਵੈਦ ਕੋਲ ਚਲੇ ਗਏ। ਮੈਨੂੰ ਪਤਾ ਲੱਗਾ ਤਾਂ ਮੈਂ ਜਾ ਕੇ ਉਥੋਂ ਆਪ ਨੂੰ ਭਿੰਡਰੀ ਲੈ ਆਇਆ। ਮੈਨੂੰ ਉਨ੍ਹਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਦਾ ਜੱਥੇਦਾਰ ਥਾਪ ਗਏ ਸਨ। ਗਿ: ਕਰਨੈਲ ਸਿੰਘ ਜੀ ਬੱਤੂਵਾਲ ਦੀ ਸਹਾਇਤਾ ਨਾਲ ਅਸੀ ਇਲਾਜ ਸ਼ੁਰੂ ਕਰਵਾਇਆ। ਲਗ ਭਗ ਅਠ ਮਹੀਨੇ ਮੇਰੇ ਕੋਲ ਭਿੰਡਰੀਂ ਰਹੇ। ਸਿਹਤ ਕਾਫ਼ੀ ਠੀਕ ਹੋ ਗਈ। ੧੫ ਅਗਸਤ ੧੯੪੭



Digitized by Panjab Digital Library | www.panjabdigilib.org

ਦੀ ਗੜਬੜ ਸਮੇਂ ਆਪ ਮੇਰੇ ਕੋਲ ਸਨ । ੨੧ ਭਾਦੋਂ ਦੇ ਜੋੜ ਮੇਲੇ ਤੋਂ ਬਾਦ ਮੈਂ ਭਿੰਡਰਾਂ ਦਾ ਪ੍ਰਬੰਧ ਛੱਡ ਕੇ ਲੰਢੇ ਕੇ ਚਲਾ ਗਿਆ ਤੇ ਗਿ: ਜੀ ਅਨੰਦ ਪੁਰ ਸੰਤ ਘਨਈਆ ਸਿੰਘ ਜੀ ਦੇ ਜਾ ਨਸ਼ੀਨ ਸੰਤ ਸੇਵਾ ਸਿੰਘ ਜੀ ਪਾਸ ਚਲੇ ਗਏ ਉਥੇ ਉਨ੍ਹਾਂ ਆਪਣੇ ਵਾਲੀ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੇਵਾ ਸੰਭਾਲਣ ਲਈ ਬਹੁਤ ਜ਼ੋਰ ਲਾਇਆ ਪਰ ਆਪ ਨਾ ਮੰਨੇ । ਸੰਤ ਸੇਵਾ ਸਿੰਘ ਜੀ ਦੇ ਬਹੁਤ ਕਹਿਣ ਤੇ ਅੰਤ ਨੂੰ ਏਨੀ ਗਲ ਮੰਨੇ ਕਿ ਜੇ ਅਰਦਾਸ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਏ ਵਾਕ ਵਿੱਚ ਸੇਵਾ ਦਾ ਕੋਈ ਸ਼ਬਦ ਆ ਗਿਆ ਤਾਂ ਮੈਂ ਸੇਵਾ ਸੰਭਾਲ ਲਵਾਂਗਾ । ਅਰਦਾਸ ਤੋਂ ਬਾਦ ਜਦ ਹੁਕਮ ਲਿਆ ਤਾਂ ਮਹਾਂ ਵਾਕ ਆਇਆ :–

ਜੈਤਸਰੀ ਮਹਲਾ ੪ ॥

ਜਿਨਿ ਹਰਿ ਹਿਰਦੈ ਨਾਮੁ ਨ ਬਸਿਓ
ਤਿਨਿ ਮਾਤ ਕੀਜੈ ਹਰਿ ਬਾਂਝਾ ॥

(ਪੰਨਾ ੬੯੭)

ਉਪ੍ਰੋਕਤ ਹੁਕਮ ਅਨੁਸਾਰ ਹੁਣ ਆਪ ਵਧੇਰੇ ਜ਼ੋਰ ਨਾਲ ਸਿਮਰਨ ਵਿੱਚ ਜੁੱਟ ਗਏ । ਇਕਾਂਤ ਸਿਮਰਨ ਦੇ ਖਿਆਲ ਨਾਲ ਰੋਪੜ ਦੇ ਬਾਹਰ ਵਾਰ ਸਦਾ ਵਰਤ ਗੁਰਦੁਆਰੇ ਗਿਆਰਾਂ ਮਹੀਨੇ ਰਹੇ । ਇਸੇ ਤਰ੍ਹਾਂ ੧੧ ਮਹੀਨੇ ਲਗਾਤਾਰ ਗੁਰਦੁਆਰਾ ਪਾਉਂਟਾ ਸਾਹਿਬ ਰਹੇ ਤੇ ਪਹਾੜੀਆਂ 'ਚ ਬੈਠ ਕੇ ਸਮਾਧੀ ਸਥਿਤ ਰਹਿੰਦੇ । ਫਿਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਚਲੇ ਗਏ । ਉਥੇ ਨਿਹੰਗਾਂ ਸਿੰਘਾਂ ਦੀ ਛਾਉਣੀ ਤੇ ਕੁਝ ਸਮਾਂ ਮਾਤਾ ਜੀ ਦੇ ਗੁਰਦੁਆਰੇ ਗੋਦਾਵਰੀ ਦੇ ਕੰਢੇ ਤੇ ਬੈਠ ਕੇ ਪੁਰਾਣੇ ਰਿਸ਼ੀਆਂ ਮੁਨੀਆਂ ਵਾਂਗ ਭਜਨ ਕਰਦੇ ਰਹੇ । ਪੂਰਾ ਇਕ ਸਾਲ ਏਥੇ ਲਾਇਆ । ਮੁੜ ਵਾਪਸ ਭਿੰਡਰੀ ਸੰਤਾਂ ਦੇ ਪਾਸ ਜੱਥੇ ਵਿੱਚ ਆ ਗਏ ।



Digitized by Panjab Digital Library | www.panjabdigilib.org

ਸੰਤਾਂ ਦੇ ਇਕ ਵਿਦਿਆਰਥੀ ਗਿ: ਸੂਬਾ ਸਿੰਘ ਜੀ ਸ੍ਰੀ ਦਮਦਮਾ ਸਾਹਿਬ ਮਸਤੂਆਣੇ ਬੁੰਗੇ ਵਿਖੇ ਸਿੰਘਾਂ ਨੂੰ ਪੜ੍ਹਾਉਂਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕੀਤਾ ਕਰਦੇ ਸਨ। ਉਹ ਅਚਾਨਕ ਚੜ੍ਹਾਈ ਕਰ ਗਏ । ਦਮਦਮੇ ਸਾਹਿਬ ਦੀ ਸੰਗਤ ਸਾਲਾਨਾ ਜੋੜ ਮੇਲ ਤੇ ਸੰਤਾਂ ਪਾਸੋਂ ਕੋਈ ਕਥਾ ਕਰਨ ਵਾਲਾ ਸਿੰਘ ਲੈਣ ਲਈ ਆਈ। ਤਾਂ ਸੰਤਾਂ ਨੇ ਗਿ: ਮੋਹਨ ਸਿੰਘ ਜੀ ਨੂੰ ਦਮਦਮੇ ਸਾਹਿਬ ਜਾਣ ਲਈ ਹੁਕਮ ਕੀਤਾ ਤਾਂ ਆਪ ਸੰਗਤ ਨਾਲ ਚਲੇ ਗਏ। ਪੂਰੇ ਦੋ ਸਾਲ ਉਥੇ ਰਹੇ। ਸੋਰਠਿ ਰਾਗ ਤੋਂ ਸ਼ੁਰੂ ਕਰਕੇ ਕਥਾ ਸੰਪੂਰਨ ਕੀਤੀ ਕਥਾ ਦਾ ਭੋਗ ਪਾ ਕੇ ਫੇਰ ਸੰਤਾਂ ਕੋਲ ਆ ਗਏ ।

ਭਗਤ ਉਜਾਗਰ ਸਿੰਘ ਜੀ ਕਾਨ੍ਹੇ ਵਾਲਿਆਂ ਨਾਲ ਨਾਮ ਅਭਿਆਸੀ ਹੋਣ ਕਰਕੇ ਆਪ ਦਾ ਪਹਿਲਾਂ ਤੋਂ ਹੀ ਬਹੁਤ ਪਿਆਰ ਸੀ । ਕਾਨ੍ਹੇ ਦੇ ਸਿੰਘ ਧੀਰੇ ਪਤ੍ਰੇ ਬੈਠੇ ਸਨ। ਉਨ੍ਹਾਂ ਦੇ ਪ੍ਰੇਮ ਕਰਕੇ ੧੯੫੫ ਈ: ਵਿੱਚ ਆਪ ਧੀਰੇ ਪਤ੍ਰੇ ਚਲੇ ਗਏ ਉਥੇ ਸਰਪੰਚ ਲਾਭ ਸਿੰਘ ਦੀ ਪਿੰਡੋਂ ਦੂਰ ਜ਼ਮੀਨ ਵਿੱਚ ਇਕ ਕੱਚੀ ਕੁਟੀਆ ਬਣਾ ਕੇ ਰਹਿਣ ਲੱਗ ਪਏ । ਏਥੋਂ ਕਬਰ ਵਾਲੇ ਚਲੇ ਗਏ ਤੇ ਭਾਈ ਟੇਕ ਸਿੰਘ ਦੀ ਜ਼ਮੀਨ ਵਿੱਚ ਕੁਟੀਆ ਬਣਾ ਕੇ ਕੁਝ ਚਿਰ ਭਜਨ ਸਿਮਰਨ ਕਰਦੇ ਰਹੇ। ਫਿਰ ਧੀਰੇ ਪਤ੍ਰੇ ਆ ਗਏ । ਸ੍ਰੀ ਗੁਰ ਪ੍ਰਤਾਪ ਸੂਰਜ ਦੀ ਕਥਾ ਇਕ ਟਾਈਮ ਰੋਜ਼ ਪਿੰਡ ਦੇ ਗੁਰਦੁਆਰੇ ਜਾ ਕੇ ਕਰਦੇ। ਇਕ ਪੂਰੀ ਕਥਾ ਦਾ ਭੋਗ ਪਾਇਆ । ਭੋਗ ਤੇ ਸੰਤਾਂ ਨੂੰ ਜੱਥੇ ਸਮੇਤ ਬੁਲਾਇਆ ਤੇ ਭਾਰੀ ਜੋੜ ਮੇਲ ਕੀਤਾ ਮੈਂ ਵੀ ਉਸ ਸਮਾਗਮ ਦੇ ਦਰਸ਼ਨ ਕੀਤੇ ਸਨ। ਸੰਗਤ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਈ ।

੧੯੫੬ ਈ: ਵਿੱਚ ਸੰਤ ਜੀ ਮਹਾਰਾਜ ਦਾ ਸਰੀਰ ਢਿੱਲਾ ਹੋ ਜਾਣ ਕਰਕੇ ਮੈਂ ਆਪਣੇ ਸਾਰੇ ਪ੍ਰੋਗਰਾਮ ਬੰਦ ਕਰਕੇ ਜੱਥੇ 'ਚ ਦੋਨੋਂ ਟਾਈਮ ਕਥਾ ਕਰਨ ਲਗ ਪਿਆ। ਥੋੜੀ ਦੇਰ ਬਾਦ ਸਿੰਘ ਭੇਜਕੇ ਗਿ: ਮੋਹਨ ਸਿੰਘ ਜੀ ਹੁਰਾਂ ਨੂੰ ਵੀ ਸੰਤਾਂ ਨੇ ਜੱਥੇ 'ਚ ਬੁਲਾ ਲਿਆ। ਹੁਣ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਪ ਕਰਦੇ



Digitized by Panjab Digital Library | www.panjabdigilib.org

ਤੇ ਸ਼ਾਮ ਨੂੰ ਗੁਰ ਪ੍ਰਤਾਪ ਸੂਰਜ ਦੀ ਕਥਾ ਮੈਂ ਕਰਦਾ, ਜਦ ਮੈਂ ਬਾਹਰੋ ਜਾਂਦਾ ਤਾਂ ਦੋਨੋਂ ਸਮੇਂ ਆਪ ਹੀ ਕਥਾ ਕਰਦੇ । ਧਨੌਲੇ, ਸੇਵੇ ਵਾਲੇ ਤੇ ਰਾਮ ਗੜ੍ਹ ਆਦਿ ਪਿੰਡਾਂ ਵਿੱਚ ੧੦੧ ਅਖੰਡ ਪਾਠਾਂ ਦੀਆਂ ਲੜੀਆਂ ਸਮੇਂ ਆਪ ਸੰਤਾਂ ਦੇ ਥਾਂ ਕਥਾ ਕਰਦੇ ਰਹੇ।

ਸੰਤਾਂ ਦੇ ਸ਼ਰੀਰ ਦੇ ਠੀਕ ਹੋਣ ਸਮੇਂ ਆਪ ਜੱਥੇ ਦੇ ਵਿਦ-ਵਾਨ ਸਿੰਘਾਂ ਨੂੰ ਵੇਦਾਂਤ ਦੇ ਪੁਸਤਕ ਵਿਚਾਰ ਸਾਗਰ ਤੇ ਮੋਖਸ਼ ਪੰਥ ਆਦਿ ਪੜ੍ਹਾਂਦੇ ਰਹਿੰਦੇ। ਜਦ ਤੋਂ ਸੰਤਾਂ ਦਾ ਸ਼ਰੀਰ ਢਿਲਾ ਰਹਿੰਦਾ ਆਪ ਬਹੁਤਾ ਸਮਾਂ ਜੱਥੇ ਵਿੱਚ ਹੀ ਰਹਿੰਦੇ ਰਹੇ ਪਰ ਕਈ ਵਾਰ ਬਾਹਰ ਸੁਤੰਤਰ ਵਿਚਾਰਨ ਲਈ ਚਲੇ ਜਾਂਦੇ । ਆਪ ਦੇ ਜ਼ਿਆਦਾ ਠਹਿਰਨ ਦਾ ਟਿਕਾਣਾ ਧੀਰਾ ਪਤ੍ਰਾ ਹੀ ਸੀ।

੮ ਜੁਲਾਈ ੧੯੬੯ ਦਿਨ ਮੰਗਲਵਾਰ ਨੂੰ ਸੰਤਾਂ ਦੇ ਦੁਪਹਿਰੇ ਦੇ ਭੋਗ ਸਮੇਂ ਸੰਤ ਜੀ ਮਹਾਰਾਜ ਦੇ ਬਚਨਾਂ ਅਨੁਸਾਰ ਭਿੰਡਰਾਂ ਦੀ ਸੰਪ੍ਰਦਾਇ ਦੇ ਸਾਰੇ ਮੁਖੀ ਮਹਾਂ ਪੁਰਸ਼ਾਂ, ਸੰਤਾਂ ਦੇ ਨਵੇਂ ਪੁਰਾਣੇ ਮੁਖੀ ਵਿਦਿਆਰਥੀਆਂ, ਦੋਹਾਂ ਭਿੰਡਰਾਂ ਦੀਆਂ ਪੰਚਾਂਇਤਾਂ ਤੇ ਇਲਾਕੇ ਦੇ ਮੁਖੀਆਂ ਨੇ ਬੜੀ ਲੰਮੀ ਚੌੜੀ ਸੋਚ ਵਿਚਾਰ ਤੋਂ ਬਾਦ ਆਪ ਨੂੰ ਹਰ ਪੱਖੋਂ ਪੂਰਨ ਤੇ ਯੋਗ ਸਮਝ ਕੇ ਸੰਤਾਂ ਦੀ ਥਾਂ ਥਾਪਣ ਲਈ ਆਪ ਜੀ ਦਾ ਨਾਮ ਤਜਵੀਜ਼ ਕੀਤਾ ਤਾਂ ਉਸ ਸਮੇਂ ਵੀ ਆਪਣੇ ਤਿਆਗੀ ਸੁਭਾਉ ਅਨੁਸਾਰ ਅੱਗੇ ਆਉਣ ਤੋਂ ਸੰਕੋਚਦੇ ਰਹੇ ਤੇ ਆਖਦੇ ਰਹੇ ਕਿ ਕਿਸੇ ਹੋਰ ਯੋਗ ਸਿੰਘ ਨੂੰ ਇਹ ਪਦਵੀ ਬਖਸ਼ੋ ਮੈਂ ਸੇਵਕ ਬਣਕੇ ਸੇਵਾ ਕਰਾਂਗਾ। ਇਹ ਆਪ ਦੇ ਤਿਆਗ ਤੇ ਨਿੰਮ੍ਰਤਾ ਦੀ ਮੂੰਹ ਬੋਲਦੀ ਤਸਵੀਰ ਹੈ, ਅੰਤ ਨੂੰ ਸਾਰੀ ਸੰਗਤ ਦਾ ਹੁਕਮ ਮੰਨਕੇ ਇਸ ਪੰਥਕ ਜ਼ਿਮੇਵਾਰੀ ਨੂੰ ਸੰਭਾਲਨਾ ਪ੍ਰਵਾਣ ਕਰ ਲਿਆ ।

ਸਤਿਗੁਰਾਂ ਦੇ ਚਰਨਾਂ ਵਿਚ ਸਨਿੰਮ੍ਰ ਅਰਦਾਸ ਹੈ ਕਿ ਸਤਿਗੁਰੂ ਆਪ ਜੀ ਨੂੰ ਪੂਰਨ ਦੇਹ-ਅਰੋਗਤਾ ਤੇ ਲੰਮੀ ਆਯੂ, ਉੱਦਮ ਤੇ ਬਲ ਬਖਸ਼ਣ ਜਿਸ ਦਾ ਸਦਕਾ ਆਪ ਸੰਤਾਂ ਦੇ ਸ਼ੁਰੂ ਕੀਤੇ ਇਸ ਅੰਮ੍ਰਿਤ ਸੋਮੇ ਨੂੰ ਅਗੋਂ ਤੋਂ ਜਾਰੀ ਰਖ ਸਕਣ।

(ਲੇਖਕ)



Digitized by Panjab Digital Library | www.panjabdigilib.org

# ਜ਼ਰੂਰੀ ਬੇਨਤੀਆਂ

੧. ਮੈਂ ਮਹਾਂ ਪੁਰਖਾਂ ਅਤੇ ਉਨ੍ਹਾਂ ਦੇ ਉਤ੍ਰਅਧਿਕਾਰੀ ਜੀ ਦਾ ਇਹ ਸੰਖੇਪ ਜੀਵਨ ਬਹੁਤ ਕਾਹਲੀ ਨਾਲ ਲਿਖਿਆ ਹੈ, ਅਗੋਂ ਸਾਰਾ ਜੀਵਨ ਵਿਸਥਾਰ ਨਾਲ ਲਿਖਣ ਲਈ ਸਮੱਗ੍ਰੀ ਇਕੱਤ੍ਰ ਕਰ ਰਿਹਾ ਹਾਂ। ਸੰਤ ਜੀ ਮਹਾਰਾਜ ਦੇ ਵਿਦਿਆਰਥੀਆਂ ਤੇ ਸਤਸੰਗੀ ਸਜਨਾਂ ਦੇ ਚਰਨਾਂ ਵਿੱਚ ਸਨਿਮ੍ਰ ਪ੍ਰਾਰਥਨਾ ਹੈ ਕਿ ਜਿਨ੍ਹਾਂ ਗੁਰਮੁਖਾਂ ਪਾਸ ਸੰਤਾਂ ਦਾ ਕੋਈ ਫੋਟੋ, ਸਨਮਾਨ ਪੱਤ੍ਰ ਜਾਂ ਉਹ ਕੋਈ ਪੱਤ੍ਰ ਜੋ ਉਨ੍ਹਾਂ ਦਾ ਸੰਤਾਂ ਨੂੰ ਲਿਖਿਆ ਹੋਵੇ ਜਾਂ ਸੰਤਾਂ ਨੇ ਉਨ੍ਹਾਂ ਨੂੰ ਲਿਖਿਆ ਹੋਵੇ। ਕੋਈ ਘਟਨਾ ਉਨ੍ਹਾਂ ਦੇ ਯਾਦ ਹੋਵੇ ਜਾਂ ਲਿਖਤ ਰੂਪ ਵਿੱਚ, ਆਪਣੀ ਕੋਈ ਹੱਡ-ਬੀਤੀ ਜੋ ਸੰਤਾਂ ਦੇ ਜੀਵਨ ਲਿਖਣ ਸਮੇਂ ਸਹਾਇਕ ਸਿੱਧ ਹੋ ਸਕਦੀ ਹੋਵੇ ਲਿਖ ਭੇਜਣ ਦੀ ਕ੍ਰਿਪਾਲਤਾ ਕਰਨੀ। ਦਾਸ ਉਨ੍ਹਾਂ ਸਜਨਾਂ ਦਾ ਹਾਰਦਿਕ ਧੰਨਵਾਦੀ ਹੋਵੇਗਾ।

੨. ਦਾਨੀ ਸਜਣ ਜੋ ਸੰਤਾਂ ਦੇ ਜੀਵਨ ਦੇ ਛਾਪਣ ਵਿੱਚ ਮਾਇਕ ਸਹਾਇਤਾ ਦੇ ਸਕਦੇ ਹੋਣ ਜਾਂ ਕੁਝ ਕਾਪੀਆਂ ਖਰੀਦ ਕੇ ਮੁਫਤ ਵੰਡਣੀਆਂ ਚਾਹੁਣ ਉਹ ਪੇਸ਼ਗੀ ਆਰਡਰ ਤੇ ਮਾਇਆ ਭੇਜਕੇ ਧੰਨਵਾਦੀ ਬਣਾਉਣ। ਦਾਨੀ ਸਜਨਾਂ ਦੇ ਨਾਵਾਂ ਦੀ ਲਿਸਟ ਜੀਵਨ ਦੇ ਮੁੱਢ 'ਚ ਛਾਪ ਦਿੱਤੀ ਜਾਵੇਗੀ।

੩. ਜਿਹੜੇ ਸਿੰਘ ਸੰਤਾਂ ਪਾਸੋਂ ਪੜ੍ਹਕੇ ਬਾਹਰ ਦੂਰ ਦੁਰਾਡੇ ਗਏ ਹੋਏ ਹਨ ਉਹ ਆਪਣਾ ਸਿਰਪਤਾ ਲਿਖ ਭੇਜਣ। ਜਿਹੜੇ ਸਿੰਘ ਕਥਾਕਾਰਾਂ ਜਾਂ ਗ੍ਰੰਥੀ ਸਾਹਿਬਾਨ ਦੀਆਂ ਡਿਊਟੀਆਂ ਭੁਗਤਾ ਰਹੇ ਹਨ ਜਾਂ ਖੁੱਲੇ ਰਹਿਕੇ ਗੁਰਮਤਿ ਵਿਦਿਆ ਦਾ ਦਾਨ ਦੇ ਰਹੇ ਹਨ ਜਾਂ ਕੋਈ ਵਿਸ਼ੇਸ਼ ਪ੍ਰਉਪਕਾਰ ਕਰ ਰਹੇ ਹਨ। ਉਹ ਆਪਣੀ ਇਕ ਇਕ ਫੋਟੋ ਤੇ ਸੰਖੇਪ ਜੀਵਨ ਲਿਖ ਭੇਜਣ ਤਾਂਕਿ ਸੰਤਾਂ ਦੇ ਜੀਵਨ ਦੇ ਅੰਤ ਵਿੱਚ ਮੁਖੀ ਵਿਦਿਆਰਥੀਆਂ ਬਾਰੇ ਜਾਣਕਾਰੀ ਕਰਾਈ ਜਾ ਸਕੇ।

(ਲੇਖਕ)



Digitized by Panjab Digital Library | www.panjabdigilib.org


PL-1380

Digitized by Panjab Digital Library | www.panjabdigilib.org

# ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ

ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ

ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ



ਸੰਪਾਦਕ—ਸਮ ਅਰਥ ਕੋਸ਼ ਭੇਟਾ ੭॥)

## ਸ੍ਰੀ ਗੁਰੂ ਪੰਥ ਪ੍ਰਕਾਸ਼

ਕ੍ਰਿਤ—ਗਿਆਨੀ ਗਿਆਨ ਸਿੰਘ

ਮਿਲਣ ਦਾ ਪਤਾ—ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org